# ਗੁਰੂ ਤੇਗ਼ ਬਹਾਦਰ ਸਾਹਿਬ

## ਅਜ਼ਾਦੀ ਤੇ ਵਿਸ਼ਵਾਸ ਦਾ ਚਾਨਣ

## Guru Tegh Bahadur Sahib: Beacon of Freedom & Faith

Aao Baniye Gursikh Pyara

ਪ੍ਰੇਰਣਾ ਦੇ 350 ਸਾਲ ਨੂੰ ਸਮਰਪਿਤ

# ਗੁਰੂ ਤੇਗ਼ ਬਹਾਦਰ ਸਾਹਿਬ
# ਅਜ਼ਾਦੀ ਤੇ ਵਿਸ਼ਵਾਸ ਦਾ ਚਾਨਣ

## *Guru Tegh Bahadur Sahib: Beacon of Freedom & Faith*

ਸੰਪਾਦਕ: ਡਾ. ਹਰਜਿੰਦਰ ਸਿੰਘ

ਆਓ ਬਣੀਏ ਗੁਰਸਿੱਖ ਪਿਆਰਾ

## *Guru Tegh Bahadur Sahib*
### *Beacon of Freedom & Faith*

Editor : Dr. Harjinder Singh
E-Mail: harjinder1469@gmail.com

First Published: October, 2025

Typesetting: *Sainiartwork*

Publisher: Aao Baniye Gursikh Pyara, New Delhi

All rights reserved © Sikh Panth

Price: Rs. 250/-, USD 20/-, CAD 25/-


# Message



It is with profound reverence that I extend my heartfelt message on the sacred occasion of the 350th Martyrdom Anniversary of Sri Guru Tegh Bahadur Ji. Guru Tegh Bahadur Ji, the ninth Guru of the Sikhs, stands tall in the annals of history as the Protector of Human Rights and Freedom of Conscience. At a time when tyranny and forced conversions threatened the very fabric of society, the Guru offered the supreme sacrifice—not for his own faith alone, but for the right of all people to live and worship freely. His unparalleled martyrdom remains a guiding light for humanity, reminding us of the eternal values of courage, justice, compassion, and universal brotherhood. This seminar, bringing together scholars, thinkers, and the community, is not merely a remembrance but also a reaffirmation of our duty to uphold the Guru's message in today's world. In an era still marked by intolerance and division, Guru Tegh Bahadur Ji's vision calls upon us to rise above fear, stand for truth, and safeguard the dignity of every human being. On behalf of Simco and in my personal capacity, I salute the timeless legacy of Guru Tegh Bahadur Ji and commend the organizers of this commemorative seminar. May his teachings continue to inspire generations to build a society rooted in equality, peace, and moral courage.

**- S. Kuldip Singh**
Managing Director, SIMCO

# ਸੁਨੇਹਾ



ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਮਨਾਉਂਦੇ ਹੋਏ, ਅਸੀਂ ਨਾ ਕੇਵਲ ਇੱਕ ਮਹਾਨ ਇਤਿਹਾਸਕ ਘਟਨਾ ਨੂੰ ਯਾਦ ਕਰ ਰਹੇ ਹਾਂ, ਸਗੋਂ ਮਨੁੱਖਤਾ ਲਈ ਉਨ੍ਹਾਂ ਦੇ ਅਦੁੱਤੀ ਯੋਗਦਾਨ ਤੇ ਆਦਰਸ਼ਾਂ ਨੂੰ ਸਿਰ ਨਿਵਾ ਰਹੇ ਹਾਂ। ਗੁਰੂ ਸਾਹਿਬ ਜੀ ਨੇ ਆਪਣੇ ਸਮੇਂ ਦੇ ਨਿਰਦਈ ਸ਼ਾਸਕਾਂ ਦੇ ਅੱਤਿਆਚਾਰਾਂ ਦਾ ਸਾਹਮਣਾ ਕੀਤਾ ਅਤੇ ਉਹਨਾਂ ਲੋਕਾਂ ਲਈ ਆਪਣਾ ਸੀਸ ਨਿਛਾਵਰ ਕੀਤਾ ਜਿਨ੍ਹਾਂ ਦਾ ਉਹਨਾਂ ਦੇ ਧਰਮ ਨਾਲ ਕੋਈ ਸਬੰਧ ਵੀ ਨਹੀਂ ਸੀ। ਇਹ ਇਨਸਾਨੀ ਹੱਕਾਂ ਦੀ ਰੱਖਿਆ ਲਈ ਕੀਤਾ ਗਿਆ ਵਿਸ਼ਵ ਇਤਿਹਾਸ ਦਾ ਅਦੁੱਤੀ ਬਲਿਦਾਨ ਹੈ। ਗੁਰੂ ਜੀ ਦਾ ਇਹ ਸੰਦੇਸ਼ ਅੱਜ ਵੀ ਸਾਨੂੰ ਯਾਦ ਦਵਾਉਂਦਾ ਹੈ ਕਿ ਅਸਲ ਧਰਮ ਦਾ ਅਰਥ ਸੱਚਾਈ ਅਤੇ ਆਜ਼ਾਦੀ ਲਈ ਖੜ੍ਹਾ ਰਹਿਣਾ ਹੈ।

ਇਹ ਸੈਮੀਨਾਰ ਸਾਡੇ ਲਈ ਉਹ ਮੌਕਾ ਹੈ ਜਿੱਥੇ ਅਸੀਂ ਗੁਰੂ ਸਾਹਿਬ ਦੇ ਉਪਦੇਸ਼ਾਂ 'ਤੇ ਵਿਚਾਰ ਕਰ ਸਕੀਏ, ਨਵੀਂ ਪੀੜ੍ਹੀ ਨੂੰ ਉਹਨਾਂ ਦੇ ਵਿਰਸੇ ਨਾਲ ਜੋੜ ਸਕੀਏ ਅਤੇ ਆਪਣੇ ਜੀਵਨ ਵਿੱਚ ਉਹਨਾਂ ਦੇ ਆਦਰਸ਼ਾਂ ਨੂੰ ਅਮਲ ਵਿੱਚ ਲਿਆ ਸਕੀਏ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਸਾਨੂੰ ਹਿੰਮਤ, ਨਿਰਭੈਤਾ ਅਤੇ ਮਨੁੱਖਤਾ ਦੀ ਸੇਵਾ ਦਾ ਪਾਠ ਪੜ੍ਹਾਉਂਦੀ ਹੈ। ਮੈਂ ਸਮੀਨਾਰ ਦੇ ਆਯੋਜਕਾਂ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਸ ਮਹੱਤਵਪੂਰਨ ਇਤਿਹਾਸਕ ਅਵਸਰ ਨੂੰ ਯਾਦ ਕਰਨ ਲਈ ਇਹ ਕਦਮ ਚੁੱਕਿਆ ਹੈ। ਮੇਰੀ ਅਰਦਾਸ ਹੈ ਕਿ ਗੁਰੂ ਸਾਹਿਬ ਦੀਆਂ ਬਾਣੀਆਂ ਅਤੇ ਉਪਦੇਸ਼ ਸਾਨੂੰ ਸਦਾ ਸੱਚ, ਦਇਆ, ਨਿਮਰਤਾ ਅਤੇ ਸਮਾਨਤਾ ਦੇ ਰਾਹ 'ਤੇ ਤੁਰਨ ਲਈ ਪ੍ਰੇਰਨਾ ਦਿੰਦੇ ਰਹਿਣ।

**– ਸ. ਗਜਿੰਦਰ ਸਿੰਘ**

ਸਿੱਖ ਚਿੰਤਕ, ਅਮਰੀਕਾ

# संदेश



मैं, अमरजीत सिंह टक्कर, अध्यक्ष गुरुद्वारा सी–ब्लॉक, हरिनगर, नई दिल्ली, इस पावन अवसर पर अपने भाव प्रकट करता हूँ। गुरु तेग बहादुर साहिब जी की 350वीं शहादत गुरुपर्व हमें यह प्रेरणा देता है कि सत्य, न्याय और धार्मिक स्वतंत्रता के लिए संघर्ष ही सच्ची सेवा है। उन्होंने अपनी अमर कुर्बानी देकर सम्पूर्ण मानवता के लिए धर्म और आत्मसम्मान की रक्षा की। आज जब हम उनकी शहादत को स्मरण करते हैं, तो हमें यह प्रण लेना चाहिए कि हम उनके दिखाए मार्ग– सत्य, साहस, करुणा और नाम सिमरण को अपने जीवन में अपनाएँ। यही उनके प्रति सच्ची श्रद्धांजलि होगी।

वाहेगुरु जी का खालसा, वाहेगुरु जी की फतह।

**– अमरजीत सिंह टक्कर**

अध्यक्ष, गुरुद्वारा सी–ब्लॉक
हरिनगर, नई दिल्ली

# ਸੁਨੇਹਾ



ਮੈਂ, ਗੁਰਮੀਤ ਸਿੰਘ ਗਰਚਾ, ਇਸ ਪਵਿੱਤਰ ਮੌਕੇ 'ਤੇ ਆਪਣੇ ਸ਼ਰਧਾ ਭਰੇ ਭਾਵ ਪ੍ਰਗਟ ਕਰਦਾ ਹਾਂ। ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਸੱਚ, ਧਰਮ ਤੇ ਆਜ਼ਾਦੀ ਦੀ ਰੱਖਿਆ ਲਈ ਆਪਣੀ ਜਾਨ ਨਿਓਛਾਵਰ ਕਰਨਾ ਹੀ ਸਭ ਤੋਂ ਵੱਡੀ ਸੇਵਾ ਹੈ। ਗੁਰੂ ਸਾਹਿਬ ਨੇ ਆਪਣੀ ਸ਼ਹੀਦੀ ਰਾਹੀਂ ਪੂਰੀ ਮਨੁੱਖਤਾ ਨੂੰ ਇਹ ਸਿੱਖਿਆ ਦਿੱਤੀ ਕਿ ਜ਼ੁਲਮ ਅੱਗੇ ਝੁਕਣਾ ਨਹੀਂ, ਬਲਕਿ ਹੌਸਲੇ ਅਤੇ ਧੀਰਜ ਨਾਲ ਸੱਚ ਦਾ ਸਾਥ ਦੇਣਾ ਹੀ ਸੱਚੀ ਜ਼ਿੰਦਗੀ ਹੈ। ਅੱਜ ਜਦੋਂ ਅਸੀਂ ਉਨ੍ਹਾਂ ਦੀ ਅਮਰ ਸ਼ਹੀਦੀ ਨੂੰ ਯਾਦ ਕਰਦੇ ਹਾਂ, ਤਾਂ ਇਹ ਸਾਡੇ ਲਈ ਵਚਨਬੱਧਤਾ ਦਾ ਸਮਾਂ ਹੈ ਕਿ ਅਸੀਂ ਉਨ੍ਹਾਂ ਦੇ ਦਰਸਾਏ ਰਾਹ— ਨਾਮ ਸਿਮਰਨ, ਸੱਚ, ਨਿਮਰਤਾ ਅਤੇ ਦਿਲੇਰੀ ਨੂੰ ਆਪਣੇ ਜੀਵਨ ਵਿੱਚ ਅਪਣਾਈਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

**– ਗੁਰਮੀਤ ਸਿੰਘ ਗਰਚਾ**

ਸਕੱਤਰ, ਗੁਰਦੁਆਰਾ ਸੀ-ਬਲਾਕ

ਹਰਿਨਗਰ, ਨਵੀਂ ਦਿੱਲੀ

# ਸੁਨੇਹਾ



ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪ੍ਰੇਮੀ ਸਿੱਖ ਸਨ, ਜਿਨ੍ਹਾਂ ਨੇ ਅਡੋਲ ਹੌਸਲੇ ਅਤੇ ਅਟੱਲ ਸ਼ਰਧਾ ਦਾ ਪ੍ਰਤੀਕ ਬਣਕੇ ਕੁਰਬਾਨੀ ਦਿੱਤੀ। ਜਦੋਂ ਉਨ੍ਹਾਂ ਨੂੰ ਧਰਮ ਛੱਡਣ ਲਈ ਮਜਬੂਰ ਕੀਤਾ ਗਿਆ ਤਾਂ ਉਹ ਅਡਿਗ ਰਹੇ। ਉਨ੍ਹਾਂ ਨੂੰ ਰੂਈ ਵਿੱਚ ਲਪੇਟ ਕੇ ਅੱਗ ਨਾਲ ਸਾੜਿਆ ਗਿਆ ਪਰ ਉਨ੍ਹਾਂ ਦੇ ਹੋਠਾਂ ’ਤੇ ਸਿਰਫ ਵਾਹਿਗੁਰੂ ਦਾ ਨਾਮ ਹੀ ਰਿਹਾ। ਉਨ੍ਹਾਂ ਦੀ ਸ਼ਹਾਦਤ ਸੱਚ, ਧਾਰਮਿਕ ਆਜ਼ਾਦੀ ਅਤੇ ਗੁਰੂ ਨਾਲ ਵਫ਼ਾਦਾਰੀ ਦੀ ਅਦੁੱਤੀ ਨਿਸ਼ਾਨੀ ਹੈ। ਭਾਈ ਮਤੀ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਭ ਤੋਂ ਨੇੜਲੇ ਸਿੱਖਾਂ ਵਿੱਚੋਂ ਸਨ। ਜਦੋਂ ਮੁਗਲ ਸ਼ਾਸਕਾਂ ਨੇ ਉਨ੍ਹਾਂ ਨੂੰ ਧਰਮ ਬਦਲਣ ਦਾ ਹੁਕਮ ਦਿੱਤਾ ਤਾਂ ਉਹ ਬੇਖੌਫ ਖੜੇ ਰਹੇ। ਉਨ੍ਹਾਂ ਨੂੰ ਆਰੇ ਨਾਲ ਸਿਰ ਤੋਂ ਲੈ ਕੇ ਕਮਰ ਤੱਕ ਚੀਰ ਦਿੱਤਾ ਗਿਆ ਪਰ ਉਹ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਉਨ੍ਹਾਂ ਦੀ ਸ਼ਹਾਦਤ ਸਿੱਖੀ ਦੇ ਉਸ ਅਡੋਲ ਜਜ਼ਬੇ ਨੂੰ ਦਰਸਾਉਂਦੀ ਹੈ ਜੋ ਜ਼ੁਲਮ ਦੇ ਸਾਹਮਣੇ ਵੀ ਇਨਸਾਫ਼ ਅਤੇ ਧਰਮ ਨੂੰ ਨਹੀਂ ਛੱਡਦਾ। ਭਾਈ ਦਿਆਲਾ ਜੀ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਹਜ਼ੂਰੀ ਵਿੱਚ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਜਦੋਂ ਉਨ੍ਹਾਂ ਨੂੰ ਧਰਮ ਛੱਡਣ ਲਈ ਕਿਹਾ ਗਿਆ ਤਾਂ ਉਹ ਡਗਮਗਾਏ ਨਹੀਂ। ਉਨ੍ਹਾਂ ਨੂੰ ਉਬਲਦੇ ਪਾਣੀ ਦੇ ਕੜਾਹੇ ਵਿੱਚ ਬੈਠਾ ਕੇ ਸ਼ਹੀਦ ਕੀਤਾ ਗਿਆ ਪਰ ਉਹ ਅੰਤ ਤਕ ਗੁਰਬਾਣੀ ਦਾ ਜਾਪ ਕਰਦੇ ਰਹੇ। ਉਨ੍ਹਾਂ ਦੀ ਸ਼ਹਾਦਤ ਸੰਸਾਰ ਲਈ ਇਹ ਸੰਦੇਸ਼ ਹੈ ਕਿ ਰੂਹਾਨੀ ਤਾਕਤ ਸਰੀਰਕ ਦੁੱਖਾਂ ਤੋਂ ਉੱਚੀ ਹੁੰਦੀ ਹੈ।

**– ਬਲਤੇਜ ਸਿੰਘ**

ਮੈਂਬਰ, ਕੋਰ ਟੀਮ

ਆਓ ਬਣੀਏ ਗੁਰਸਿੱਖ ਪਿਆਰਾ

# ਤਤਕਰਾ


1. Martyrdom of Guru Tegh Bahadur Sahib Ji Freedom of Conscience ........ 09
1. ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅੰਤਰ-ਆਤਮਾ ਦੀ ਆਜ਼ਾਦੀ ਲਈ ........ 11
2. ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਤੀਰਥਾਂ ’ਤੇ ਭਰਮਣ ਕਿਉਂ ਕੀਤਾ? ........ 15
3. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਾ ਕੀ ਸੰਦੇਸ਼ ਹੈ? ........ 18
4. ਕੀ ਗੁਰੂ ਤੇਗ ਬਹਾਦਰ ਸਾਹਿਬ ਨੇ ਭੋਰੇ ਵਿਚ ਤੱਪ ਕੀਤਾ? ........ 22
5. Frighten None, Fear Not Living the Legacy of Guru Tegh Bahadur Ji ........ 25
6. ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਧੁਬਰੀ, ਅਸਾਮ ........ 28
7. ਬਾਬਾ ਬਸੇ ਗ੍ਰਾਮ ਬਕਾਲੇ ........ 31
8. ਆਤਮਕ ਆਜ਼ਾਦੀ ਦੇ ਪ੍ਰਤੀਕ: ਗੁਰੂ ਤੇਗ਼ ਬਹਾਦਰ ਸਾਹਿਬ ........ 34

# Martyrdom of Guru Tegh Bahadur Sahib Ji
# Freedom of Conscience



Waheguru Ji Ka Khalsa, Waheguru Ji Ki Fateh.

Respected organizers, students teachers, and my dear brothers and sisters, Today we gather to remember and reflect on a turning point in human history — the supreme sacrifice of Guru Tegh Bahadur Sahib Ji, whose martyrdom 350 years ago in 1675 was not for land, throne, or personal power, but for the fundamental principle of freedom of conscience. Guru Sahib stood tall in the face of tyranny when religious freedom was under threat. He gave his life not to protect his own faith, but to defend the right of others to practice theirs. This was not just a Sikh moment; it was a universal moment — a message for all humanity that dignity, justice, and the right to believe or not believe are sacred.

Youth today often ask: What is the relevance of Guru Tegh Bahadur Ji's sacrifice in our times? The answer lies in the words inscribed in the Universal Declaration of Human Rights (1948), adopted by the United Nations exactly 273

years after Guru Sahib's martyrdom. That Charter proclaims: Everyone has the right to freedom of thought, conscience, and religion. Isn't this the very principle for which Guru Tegh Bahadur laid down his life at Chandni Chowk, Delhi?

For us, the youth of today, this anniversary is not only about paying homage. It is about drawing strength from Guru Sahib's courage to:

Stand up for justice, even when it is risky.

Respect diversity and defend the rights of others.

Live with compassion, courage, and commitment to truth.

The world still struggles with intolerance, hate, and human rights violations. Guru Sahib's life teaches us that real strength is not in weapons or power, but in moral courage. His martyrdom reminds us that silence in the face of injustice is not an option. As we commemorate 350 years of this unique sacrifice, let us pledge that we, as young Sikhs and global citizens, will carry forward the torch of human rights, tolerance, and freedom. In doing so, we not only honor Guru Tegh Bahadur Ji but also keep his message alive for generations to come.



**- Dr. Harjinder Singh**
Director
Aao Baniye Gursikh Pyara

# ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਤੀਰਥਾਂ 'ਤੇ ਭਰਮਣ ਕਿਉਂ ਕੀਤਾ?



ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।

1. ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਪਏਗਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇੱਥੇ ਨੌਵਾਂ ਨਾਨਕ ਕਿਉਂ ਆਖਿਆ ਹੈ।

ੳ. ਬਚਪਨ ਤੋਂ ਹੀ ਗੁਰੂ ਨਾਨਕ ਸਾਹਿਬ ਜੀ ਆਪਣੇ ਆਸ ਪਾਸ ਦੇ ਲੋਕਾਂ ਨੂੰ ਵਹਿਮਾਂ ਭਰਮਾਂ ਤੋ ਦੂਰ ਕਰਨ ਦੇ ਰਾਹ ਉੱਤੇ ਤੁਰ ਪਏ ਸਨ। ਜਿਹੜੀ ਉਸ ਵੇਲੇ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਸੀ ਅੱਜ ਉਹ ਸਾਡੇ ਲਈ ਨਾਨਕ ਬਾਣੀ ਹੈ। ਪਹਿਲੇ ਨਾਨਕ ਸਾਹਿਬ ਤੋਂ ਲੈ ਕੇ ਦੂਜੇ, ਤੀਜੇ, ਚੌਥੇ, ਪੰਜਵੇਂ, ਛੇਵੇਂ, ਸੱਤਵੇਂ, ਅੱਠਵੇਂ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਸਾਰੇ ਹੀ ਨਾਨਕ ਬਾਣੀ ਦੇ ਧਾਰਨੀ ਸਨ। ਸਾਰੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਸਮਾਨ ਸੀ ਤੇ ਸਭ ਦਾ ਫਲਸਫਾ ਵੀ ਇੱਕੋ ਸੀ ਕਿ ਵਹਿਮਾਂ ਭਰਮਾਂ ਵਿਚ ਫਸੀ ਸੰਗਤ ਨੂੰ ਅੰਧ ਵਿਸ਼ਵਾਸ ਤੇ ਕਰਮਕਾਂਡਾਂ ਵਿਚੋਂ ਬਾਹਰ ਕੱਢਣਾ। ਜਦੋਂ ਹਰਿਦੁਆਰ ਵਿਖੇ ਲੋਕ ਸੂਰਜ ਨੂੰ ਪਾਣੀ ਦੇ ਰਹੇ ਸਨ ਤਾਂ ਗੁਰੂ ਨਾਨਕ ਸਾਹਿਬ ਆਪਣੇ ਖੇਤਾਂ ਵੱਲ ਪਾਣੀ ਦੇਣ ਲੱਗ ਪਏ ਅਤੇ ਸਭ ਨੂੰ ਸਮਝਾਇਆ ਕਿ ਰੱਬ ਸਾਰੇ ਪਾਸੇ, ominpresent (ਸਰਬ ਵਿਆਪਕ) ਹੈ।

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥** (ਅੰਕ 648)
ਭਾਵ ਹੇ ਮਨੁੱਖ ਰੱਬ ਨੂੰ ਬਾਹਰ ਨਾ ਲੱਭ, ਉਹ ਤੇਰੇ ਨਾਲ ਹੀ ਹੈ।

ਇੰਜ ਹੀ ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੁਰਕਸ਼ੇਤਰ ਸੂਰਜ ਗ੍ਰਹਿਣ ਵਾਲੇ ਸਮੇਂ ਪਹੁੰਚ ਕੇ ਉੱਥੇ ਦੀ ਲੁਕਾਈ ਨੂੰ ਵਹਿਮਾਂ ਭਰਮਾਂ ਤੋਂ ਬਾਹਰ ਕੱਢਦੇ ਹਨ।

2. ਗੁਰਮਤਿ ਮੁਤਾਬਕ ਤੀਰਥ ਕੀ ਹੈ?

ੳ. ਗੁਰਮਤਿ ਮੁਤਾਬਿਕ ਤੀਰਥ ਨਾਮ ਹੈ, ਨਾਮ ਸਿਰਫ ਸ਼ਬਦ ਜਪਣਾ ਨਹੀਂ ਸਗੋਂ ਅਕਾਲ ਪੁਰਖ ਨੂੰ ਰੋਜ਼ਾਨਾ ਦੇ ਕੰਮ ਕਾਰ ਕਰਦਿਆਂ ਹੋਇਆ ਚੇਤੇ ਰੱਖਣਾ ਹੈ।

**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥2॥** (ਅੰਕ 522)
ਭਾਵ ਹੱਸਦਿਆਂ, ਖੇਡਦਿਆਂ, ਖਾਂਦਿਆਂ ਪਹਿਨਦਿਆਂ ਸਾਰੇ ਕੰਮ ਕਾਰ ਕਰਦਿਆਂ ਸਾਨੂੰ ਵਿਕਾਰਾਂ ਤੋਂ ਬਚੇ ਰਹਿਣਾ ਹੈ।

ਹੁਣ ਤੀਰਥ ਸ਼ਬਦ ਨੂੰ ਗੁਰਬਾਣੀ ਦੀ ਤੁਕ ਅਨੁਸਾਰ ਸਮਝਦੇ ਹਾਂ।

**ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ॥**
**ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ॥** (ਅੰਕ 597)
ਭਾਵ ਗੁਰੂ ਸਾਹਿਬ ਕਹਿੰਦੇ ਹਨ ਕਿ ਅਸਲ ਪਵਿੱਤਰਤਾ ਤੇ ਸੰਤਾਂ ਦੀ ਸੰਗਤ ਗੁਰੂ ਦੇ ਦਰਸ਼ਨ ਕਰਨ ਨਾਲ ਮਿਲਦੀ ਹੈ, ਸਿਰਫ ਬਾਹਰਲੇ ਤੀਰਥਾਂ 'ਤੇ ਭਰਮਣ ਅਤੇ ਜਲ ਵਿੱਚ ਇਸ਼ਨਾਨ ਕਰਨ ਨਾਲ ਨਹੀਂ ਹੁੰਦੀ।

ਹੋਰ ਉਦਾਹਰਣ ਵੇਖਦੇ ਹਾਂ :-

**ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ॥**
**ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ ਹਰਿ ਕਥਾ ਜਿਨ ਜਨਹੁ ਜਾਨੀ॥ਰਹਾਉ॥** (ਅੰਕ 669)
ਭਾਵ ਰੱਬ ਦਾ ਨਾਮ ਜਪਣਾ ਤੇ ਸੰਤੋਖ ਨਾਲ ਉਸ ਦੀ ਕਥਾ ਨੂੰ ਸਮਝਣਾ ਹੀ ਸਭ ਤੋਂ ਵੱਡੀ ਸ੍ਰੇਸ਼ਟ ਗੱਲ ਹੈ।

3. ਕੀ ਤੀਰਥਾਂ 'ਤੇ ਨਹਾਉਣ ਦਾ ਕੋਈ ਫਾਇਦਾ ਹੈ?

ਉ. **ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥**
**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥** (ਅੰਕ 2)

ਮੈਂ ਤੀਰਥ ਉੱਤੇ ਜਾ ਕੇ ਤਦ ਇਸ਼ਨਾਨ ਕਰਾਂ ਜੇ ਅਜਿਹਾ ਕਰਨ ਨਾਲ ਉਸ ਪਰਮਾਤਮਾ ਨੂੰ ਖੁਸ਼ ਕਰ ਸਕਾਂਗੀ। ਪਰ ਜੇ ਇਸ ਤਰ੍ਹਾਂ ਪਰਮਾਤਮਾ ਖੁਸ਼ ਨਹੀਂ ਹੁੰਦਾ ਤਾਂ ਮੈਂ ਤੀਰਥ ਉੱਤੇ ਇਸ਼ਨਾਨ ਕਰਨ ਨਾਲ ਕੀ ਖੱਟਾਂਗਾ।
ਅਕਾਲ ਪੁਰਖ ਦੀ ਪੈਦਾ ਕੀਤੀ ਹੋਈ ਜਿਤਨੀ ਵੀ ਦੁਨੀਆ ਮੈਂ ਵੇਖਦੀ ਹਾਂ ਇਸ ਵਿੱਚ ਪਰਮਾਤਮਾ ਦੀ ਕਿਰਪਾ ਤੋਂ ਬਿਨਾਂ ਕਿਸੇ ਨੂੰ ਕੁਛ ਨਹੀਂ ਮਿਲਦਾ, ਕੋਈ ਕੁਛ ਨਹੀਂ ਲੈ ਸਕਦਾ।

4. ਪਹਿਲੇ ਤੋਂ ਦਸਵੇਂ ਨਾਨਕ ਸਾਹਿਬਾਨ ਜੀ ਤੀਰਥਾਂ 'ਤੇ ਕਿਉਂ ਗਏ ਸਨ?

ਉ. ਸਾਰੇ ਹੀ ਗੁਰੂ ਸਾਹਿਬਾਨ ਉੱਥੇ-ਉੱਥੇ ਗਏ ਜਿੱਥੇ-ਜਿੱਥੇ ਪਹਿਲਾਂ ਤੋਂ ਹੀ ਇਕੱਠ ਸੀ ਅਤੇ ਇੱਕਠ ਸਿਰਫ ਤੀਰਥਾਂ ਜਾਂ ਮੇਲਿਆ 'ਤੇ ਹੀ ਲੱਗਦੇ ਸਨ। ਇਹਨਾਂ ਇਕੱਠਾਂ ਦਾ ਫਾਇਦਾ ਚੁੱਕ ਕੇ ਗੁਰੂ ਸਾਹਿਬਾਨ ਨੇ ਆਪਣੀ ਗੱਲ ਰੱਖੀ। ਨਾਨਕ ਬਾਣੀ ਦਾ ਪ੍ਰਚਾਰ ਕੀਤਾ ਤਾਂਕਿ ਕਰਮਕਾਂਡਾ ਵਿੱਚ ਫਸੀ ਸੰਗਤ ਨੂੰ ਭਰਮ ਭੁਲੇਖਿਆਂ ਤੋਂ ਬਾਹਰ ਕੱਢਿਆ ਜਾ ਸਕੇ। ਦਸਵੇਂ ਨਾਨਕ ਤੱਕ ਸਾਰੇ ਹੀ ਗੁਰੂ ਸਾਹਿਬਾਨ ਆਪਣੇ ਲਈ ਤੀਰਥਾਂ

ਤੇ ਨਹੀਂ ਗਏ ਸਗੋਂ ਵੱਖ-ਵੱਖ ਸਮੇਂ ਅਨੁਸਾਰ ਜੋ ਪਰੇਸ਼ਾਨੀਆਂ ਪੇਸ਼ ਹੁੰਦੀਆਂ ਸਨ ਉਹਨਾਂ ਨੂੰ ਠੱਲ ਪਾਉਣ ਲਈ ਤੀਰਥਾਂ 'ਤੇ ਗਏ। ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੇਲੇ ਵੀ ਲੋਕ ਮੁਗਲ ਸਲਤਨਤ ਤੋਂ ਦੁਖੀ ਸਨ। ਉਨਾਂ ਨੂੰ ਹੌਸਲਾ ਦੇਣ, ਮਨੋਬਲ ਵਧਾਉਣ, ਕਰਮਕਾਂਡਾਂ ਤੋਂ ਬਾਹਰ ਕੱਢਣ ਲਈ ਤੀਰਥਾਂ 'ਤੇ ਗਏ। ਤੀਰਥ 'ਤੇ ਜਾਣ ਦਾ ਮੁੱਖ ਕਾਰਨ ਇਹੋ ਸੀ ਕਿ ਉਸ ਵੇਲੇ ਅਖਬਾਰ, ਟੀਵੀ, ਰੇਡੀਓ ਜਾ ਅਜੋਕਾ ਮੀਡੀਆ ਨਹੀਂ ਸੀ। ਹੋ ਰਹੇ ਇਕੱਠਾਂ ਤੱਕ ਪਹੁੰਚ ਕੇ ਆਪਣੀ ਗੱਲ ਰੱਖਣੀ ਪੈਂਦੀ ਸੀ। ਉਹੀ ਗੁਰੂ ਸਾਹਿਬਾਨ ਨੇ ਕੀਤਾ। ਇੱਕ ਹੋਰ ਮੁੱਖ ਕਾਰਨ ਸੀ। ਇਕ ਇਕ ਬੰਦੇ ਨੂੰ ਸੱਦਾ ਪੱਤਰ ਭੇਜਣਾ ਵੀ ਮੁਸ਼ਕਿਲ ਸੀ। ਇਸ ਤੋਂ ਵੀ ਵੱਡਾ ਕਾਰਨ ਸੀ ਉਸ ਵੇਲੇ ਜਾਤ-ਪਾਤ ਦਾ ਬਹੁਤ ਬੋਲਬਾਲਾ ਸੀ। ਲਗਭਗ ਸਾਰੇ ਹੀ ਜਾਤਾਂ ਦੇ ਲੋਕ ਤੀਰਥਾਂ ਤੇ ਮੇਲਿਆ ਵਿੱਚ ਇਕੱਠੇ ਹੁੰਦੇ ਸੀ ਤੇ ਸਾਰੇ ਹੀ ਜਾਤਾਂ ਨੂੰ ਇੱਕੋ ਸਮਝਣਾ ਤੇ ਸਭ ਲਈ ਇੱਕੋ ਸੰਦੇਸ਼ ਦੇਣਾ ਹੀ ਨਾਨਕ ਬਾਣੀ ਦਾ ਮੁੱਖ ਟੀਚਾ ਸੀ ।

ਇਸ ਲੇਖ ਦਾ ਸਾਰ ਗੁਰਬਾਣੀ ਦੀ ਤੁੱਕ ਤੋਂ ਸਮਝਦੇ ਹਾਂ। ਨੌਵੇਂ ਮਹੱਲੇ ਵਿੱਚ ਤੀਰਥ ਤੋਂ ਸੰਬੰਧਿਤ ਸਿਰਫ ਇੱਕ ਹੀ ਸਲੋਕ ਹੈ:

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥** (ਅੰਕ 1428)



ਭਾਵ ਹੇ ਮਨੁੱਖ ਤੀਰਥ ਇਸ਼ਨਾਨ, ਵਰਤ ਦਾਨ ਕਰਕੇ ਜੇ ਤੂੰ ਅਹੰਕਾਰ ਕਰਦਾ ਹੈ ਤਾਂ ਸਭ ਵਿਅਰਥ ਹੈ। ਜਿਵੇਂ ਹਾਥੀ ਦਾ ਕੀਤਾ ਇਸ਼ਨਾਨ ਵਿਅਰਥ ਹੋ ਜਾਂਦਾ ਹੈ ਕਿਉਂਕਿ ਹਾਥੀ ਨਹਾਣ ਤੋਂ ਬਾਅਦ ਆਪਣੇ ਉੱਤੇ ਮਿੱਟੀ ਜਾਂ ਸਵਾਹ ਸੁੱਟ ਲੈਂਦਾ ਹੈ। ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।

**– ਸਰੋਜ ਕੌਰ**
ਮੈਂਬਰ
ਆਓ ਬਣੀਏ ਗੁਰਸਿੱਖ ਪਿਆਰਾ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਾ ਕੀ ਸੰਦੇਸ਼ ਹੈ?

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਮਨੁੱਖੀ ਜੀਵਨ ਦੀ ਪ੍ਰਭੂ ਮਿਲਾਪ ਵਾਲੀ ਮੰਜ਼ਿਲ ਪ੍ਰਤੀ ਮਾਰਗਦਰਸ਼ਨ ਕਰਦੀ ਹੈ। ਬਾਣੀਆਂ ਦੇ ਇਸ ਸੰਗ੍ਰਹਿ ਵਿਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਵੱਲੋਂ ਉਚਾਰਨ 59 ਸ਼ਬਦ ਅਤੇ 57 ਸਲੋਕ ਦਰਜ ਹਨ। ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਰਾਹੀਂ ਮਨੁੱਖੀ ਜੀਵਨ ਨੂੰ ਸੇਧ ਦਿੰਦੇ ਹਨ ਕਿ ਦੁਰਾਚਾਰ ਨੂੰ ਛੱਡ ਕੇ ਤੇ ਸਦਾਚਾਰ ਧਾਰਨ ਕਰਕੇ ਫਿਰ ਸ਼ਰਨਧਾਰੀ ਪ੍ਰਾਣੀ ਨੂੰ ਗੁਰਬਾਣੀ ਅਨੁਸਾਰ ਜਿਸ ਚੀਜ਼ ਦੀ ਲੋੜ ਹੈ, ਉਹ ਹੈ ਅਨੁਰਾਗ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵੈਰਾਗਮਈ ਨਹੀਂ ਹੈ। ਬਾਣੀ ਸਾਨੂੰ ਸੰਸਾਰਿਕ ਮੋਹ ਮਮਤਾ ਤੋਂ ਉਪਰਾਮ ਹੋਣ ਦੀ ਪ੍ਰੇਰਨਾ ਦਸਦੀ ਹੈ। ਇਹ ਉਪਰਾਮਤਾ ਸਾਨੂੰ ਕੇਵਲ ਨਾਮ ਸਿਮਰਨ ਨਾਲ, ਮਾਇਆ ਦਾ ਮੋਹ ਤੁਟ ਜਾਂਦਾ ਹੈ ਤੇ ਸ਼ੁੱਭ ਗੁਣਾਂ ਸੱਤ ਸੰਤੋਖ ਦਇਆ ਧਰਮ ਨਾਲ ਪ੍ਰੇਮ ਪੈਦਾ ਹੁੰਦਾ ਹੈ ਤੇ ਜਿਉਂਦੇ ਦਾ ਨਾਲ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਵੀ ਸਮਝਾਇਆ ਹੈ:

**ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥**
**ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥** (ਅੰਕ ੧੪੨੭)

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹਿ ਨਰ ਮਾਥੈ ਭਾਗੁ॥** (ਅੰਕ ੧੪੨੭)



ਭਾਵ ਜਿਸ ਮਨੁੱਖ ਨੇ ਇੱਕ ਅਕਾਲ ਪੁਰਖ ਸਿਰਜਣਹਾਰ ਨਾਲ ਡੂੰਘੀ ਸਾਂਝ ਪਾ ਕੇ ਆਪਣੇ ਅੰਦਰੋਂ ਹਉਮੈਂ ਤਿਆਗ ਦਿੱਤੀ, ਉਹ ਮਨੁੱਖ ਹੀ ਮੁਕਤ ਹੈ। ਜਿਸ ਮਨੁੱਖ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ, ਈਰਖਾ ਆਦਿਕ ਮਾਇਆ ਤਿਆਗ ਦਿੱਤੀ, ਉਸ ਨੇ ਹੀ ਵੈਰਾਗ ਦਾ ਸਹੀ ਭੇਖ ਧਾਰਨ ਕੀਤਾ ਤੇ ਉਹੀ ਮਨੁੱਖ ਚੰਗੇ ਭਾਗਾਂ ਵਾਲਾ ਹੈ।

ਇਸ ਤਰ੍ਹਾਂ ਇਹ ਵੈਰਾਗ ਤਨ, ਧਨ, ਪ੍ਰਭੁਤਾ, ਸਾਕ ਸਬੰਧੀ ਆਦਿ ਦੇ ਤਿਆਗ ਦੀ ਮੰਗ ਨਹੀਂ ਕਰਦਾ। ਇਸ ਦੀ ਪਹਿਲੀ ਮੰਗ ਇਹ ਹੈ ਕਿ ਇਨ੍ਹਾਂ ਦੇ ਰਸ ਦੀ ਮਸਤੀ ਨੂੰ ਛੱਡ ਦਿੱਤਾ ਜਾਵੇ, ਇਨ੍ਹਾਂ ਦੀ ਖ਼ਾਤਰ ਕੁਕਰਮ ਨਾ ਕੀਤੇ ਜਾਣ ਤੇ ਨਾ ਹੀ ਇਨ੍ਹਾਂ ਦੀ ਪ੍ਰਾਪਤੀ ਅਤੇ ਭੋਗ ਨੂੰ ਜੀਵਨ ਦਾ ਉਦੇਸ਼ ਮੰਨਿਆ ਜਾਵੇ। ਦੂਸਰੀ ਮੰਗ ਇਹ ਹੈ ਕਿ ਇਸ ਅਸਲੀਅਤ ਨੂੰ ਮਨ ਵਿਚ ਧਾਰ ਰੱਖਣਾ ਚਾਹੀਦਾ ਹੈ ਕਿ ਜੀਵਨ ਦਾ ਕੋਈ ਭਰੋਸਾ ਨਹੀਂ, ਪਤਾ ਨਹੀਂ ਕਦੋਂ ਮੁੱਕ ਜਾਵੇ, ਇਸ ਲਈ ਜੋ ਸ਼੍ਰੇਸ਼ਠ ਨਾਮ ਧਨ ਮਰਨ ਉਪਰੰਤ ਵੀ ਕੰਮ ਆਉਣਾ ਹੈ ਤੇ ਇਸ ਜਨਮ ਵਿੱਚ ਵੀ ਲਾਹੇਵੰਦ ਹੈ, ਉਸਨੂੰ ਇੱਕਠਾ ਕੀਤਾ ਜਾਵੇ।

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਤਨ, ਰਿਸ਼ਤੇਦਾਰ, ਸੰਪਤੀ ਤੇ ਰਾਜ ਦੀ ਅਸਲੀਅਤ ਨੂੰ ਉਘੇੜ ਕੇ ਸਾਡੇ ਸਾਹਮਣੇ ਲਿਆਂਦਾ ਹੈ, ਪਰ ਇਹ ਗੱਲ ਕਿਧਰੇ ਵੀ ਨਹੀਂ ਕਹੀ ਕਿ ਇਹਨਾਂ ਦੀ ਅਸਥਿਰਤਾ ਤੇ ਨਾਸ਼ਮਾਨਤਾ ਨੂੰ ਮੁੱਖ ਰੱਖ ਕੇ ਇਹਨਾਂ ਦਾ ਤਿਆਗ ਕਰ ਦਿੱਤਾ ਜਾਵੇ। ਨਾ ਹੀ ਇਹਨਾਂ ਦੇ ਤਿਆਗ ਦੀ ਕਿਸੇ ਥਾਂ ਤੇ ਵਿਅੰਜਨਾਤਮਕ ਪ੍ਰੇਰਨਾ ਹੈ। ਜੰਗਲਾਂ ਜਾਂ ਪਹਾੜਾਂ ਦੀਆਂ ਗੁਫਾਵਾਂ ਵਿਚ ਜਾਣ ਲਈ ਕਿਸੇ ਥਾਂ ਵੀ ਨਹੀਂ ਕਿਹਾ ਗਿਆ, ਸਗੋਂ ਇਸ ਤਰ੍ਹਾਂ ਜਾਣ ਵਾਲਿਆਂ ਨੂੰ ਰੋਕਿਆ ਗਿਆ ਹੈ–

**ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥** (ਅੰਕ ੬੮੪)

ਜੇ ਗੁਰੂ ਤੇਗ ਬਹਾਦਰ ਜੀ ਨੇ ਕਿਸੇ ਚੀਜ਼ ਦਾ ਤਿਆਗ, ਦ੍ਰਿੜ੍ਹ ਕਰਾਇਆ ਹੈ, ਉਹ ਵਿਸ਼ੇ ਵਿਕਾਰ ਹਨ।

ਜਦੋਂ ਜਮ ਦਾ ਅਰੋਕ ਡੰਡਾ ਅਚਨਚੇਤ ਸਿਰ ਤੇ ਵੱਜੇਗਾ, ਓਦੋਂ ਇਸ ਖੋਟੇ ਭਾਗਾਂ ਵਾਲੇ ਪ੍ਰਾਣੀ ਦੇ ਪਛਤਾਵੇ ਨਾਲ ਕੁਝ ਨਹੀਂ ਸੌਰੇਗਾ। ਜਦੋਂ ਇਹ ਚਿੰਤਾ ਮਨ ਵਿਚ ਪੈਦਾ ਹੁੰਦੀ ਹੈ ਤਾਂ ਹੀ ਗੁਰੂ ਜੀ ਦੇ ਬਚਨ ਸੋਹਣੇ ਤੇ ਸੁਖਦਾਈ ਲੱਗਣ ਲਗਦੇ ਹਨ ਤੇ ਇਹਨਾਂ ਨਾਲ ਪ੍ਰੇਮ ਪੈਦਾ

ਹੁੰਦਾ ਹੈ। ਇਹ ਵੈਰਾਗਮਈ ਬਾਣੀ ਇਸ ਚਿੰਤਾ ਨੂੰ ਉਪਜਾਉਂਦੀ ਹੈ। ਫਿਰ ਗੁਰੂ ਦੇ ਚਰਨਾਂ ਦੀ ਪ੍ਰੀਤ ਪੈਦਾ ਕਰਕੇ ਜਗਤ ਨੂੰ ਹੈਰਾਨ ਕਰਨ ਵਾਲੀ ਅਚੱਲ, ਅਮਰ ਨਿਰਭੈ ਪਦਵੀ ਦੀ ਪ੍ਰਾਪਤੀ ਕਰਾਉਂਦੀ ਹੈ, ਜੋ ਧਰੂਅ ਨੂੰ ਪ੍ਰਾਪਤ ਹੋਈ ਸੀ-

**ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥**
**ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ॥** (ਅੰਕ ੮੩੦)

ਇਸ ਤਰ੍ਹਾਂ ਇਹ ਵੈਰਾਗਮਈ ਬਾਣੀ ਨਾ ਨਿਰਾਸ਼ਾਵਾਦ ਤੇ ਨਾ ਹੀ ਪਲਾਇਨਵਾਦ ਪੈਦਾ ਕਰਦੀ ਹੈ, ਸਗੋਂ ਸੰਸਾਰ ਤੇ ਸਰੀਰ ਦੀ ਚਲਾਇਮਾਨ ਤੇ ਅਨਿਸ਼ਚਿਤ ਗਤੀ ਦੀ ਸਾਰ ਨੂੰ ਦ੍ਰਿੜ੍ਹ ਕਰਾ ਕੇ ਸਮਰੱਥ ਗੁਰੂ ਜੀ ਦੇ ਪਵਿੱਤਰ ਚਰਨਾਂ ਦੇ ਪ੍ਰੇਮ ਵਿਚ ਲੀਨ ਕਰਕੇ ਧਰਮ ਵਾਲੀ ਅਦਭੁੱਤ, ਅਚੱਲ, ਅਮਰ ਤੇ ਨਿਰਭੈ ਪਦਵੀ ਤਕ ਲੈ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਵੱਲੋਂ ਆਪਣੀ ਬਾਣੀ ਵਿੱਚ ਦਰਸਾਇਆ ਵੈਰਾਗ ਇਸ ਤਰ੍ਹਾਂ ਉਸਾਰੂ ਤੇ ਨਰੋਆ ਵੈਰਾਗ ਹੈ, ਜੋ ਪ੍ਰਭੂ ਦੇ ਚਰਨਾਂ ਦਾ ਅਨੁਰਾਗ ਪੈਦਾ ਕਰਦਾ ਹੈ। ਜਿਸ ਦੁਆਰਾ ਗੁਰਬਾਣੀ ਅੰਦਰ ਦਰਸਾਏ ਮਾਰਗ ਤੇ ਚਲਦਿਆਂ ਪ੍ਰਭੂ ਮਿਲਾਪ ਵਾਲੀ ਮੰਜ਼ਿਲ ਦੀ ਪ੍ਰਾਪਤੀ ਸੰਭਵ ਹੋ ਜਾਂਦੀ ਹੈ।



ਜਨਮ ਅਕਾਰਥ ਨਾ ਬੀਤ ਜਾਏ ਇਸ ਲਈ ਪਰਮਾਤਮਾ ਦਾ ਨਾਮ ਜਪੋ ਤੇ ਸੰਸਾਰਿਕ ਜੰਜਾਲਾਂ ਤੋਂ ਛੁਟਕਾਰਾ ਪਾਵੋ। ਗ੍ਰਿਹਿਸਥੀ ਜੀਵਨ ਵਿਚ ਰਹਿ ਕੇ ਹੀ ਪਰਮਾਤਮਾ ਨਾਲ ਜੁੜਿਆ ਜਾ ਸਕੀ ਦਾ ਹੈ। ਸੰਸਾਰ ਦਾ ਤਿਆਗ ਕਰਕੇ ਕੇ ਜੰਗਲਾਂ ਵਿਚ ਨਹੀਂ ਭਟਕਣਾ ਚਾਹੀਦਾ ਵਾਹਿਗਰੂ ਜੀ ਸਾਡੇ ਨਾਲ ਅੰਗ ਸੰਗ ਹਨ ਜੀ।

**– ਮਮਤਾ ਕੌਰ**
ਮੈਂਬਰ
ਆਓ ਬਣੀਏ ਗੁਰਸਿੱਖ ਪਿਆਰਾ

# ਕੀ ਗੁਰੂ ਤੇਗ ਬਹਾਦਰ ਸਾਹਿਬ ਨੇ ਭੋਰੇ ਵਿਚ ਤੱਪ ਕੀਤਾ?



ਅੱਜ ਅਸੀਂ ਨੌਵੇ ਨਾਨਕ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਵਿਚਾਰ ਕਰ ਰਹੇ ਹਾਂ। ਗੁਰੂ ਸਾਹਿਬਾਨ ਦੀ ਨਿਰਮਲ ਵਿਚਾਰਧਾਰਾ ਨੂੰ ਗੰਦਲਾ ਕਰਨ ਲਈ ਬਹੁਤ ਸਾਰੀਆ ਕਹਾਣੀਆਂ ਪ੍ਰਚਲਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚੋ ਇਕ ਕਹਾਣੀ ਗੁਰੂ ਤੇਗ ਬਹਾਦਰ ਜੀ ਬਾਰੇ ਵੀ ਹੈ ਕਿ ਗੁਰੂ ਬਣਨ ਤੋਂ ਪਹਿਲਾ (ਗੁਰੂ) ਤੇਗ ਬਹਾਦਰ ਜੀ ਭੋਰੇ ਵਿਚ ਬੈਠਕੇ ਤਪਸਿਆ ਕਰਿਆ ਕਰਦੇ ਸਨ। ਇਹ ਤਪਸਿਆ ਦਾ ਸਮਾਂ 26 ਸਾਲ ਕੁਝ ਮਹੀਨੀਆਂ ਦੇ ਕਰੀਬ ਕਿਹਾ ਜਾਂਦਾ ਹੈ। ਕੀ ਇਹ ਗੱਲ ਗੁਰੂ ਨਾਨਕ ਸਹਿਬ ਦੇ ਸਿਧਾਂਤ ਨਾਲ ਮੇਲ ਖਾਂਦੀ ਹੈ? ਗੁਰੂ ਨਾਨਕ ਪਾਤਸ਼ਾਹ ਆਪਣੀ ਬਾਣੀ ਵਿਚ ਫੁਰਮਾਂਦੇ ਹਨ:

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥** (ਅੰਕ 1)

ਅਸੀਂ ਸਚਿਆਰੇ ਕਿਵੇਂ ਬਣੀਏ ਤਾਂਕਿ ਉਸ ਸੱਚੇ ਨਾਲ ਸਾਡਾ ਮਿਲਾਪ ਹੋ ਸਕੇ ਅਤੇ ਸਾਡੇ ਵਿਚਕਾਰ ਕੂੜ ਦੀ ਕੰਧ ਨਾ ਰਹੇ। ਗੁਰੂ ਸਹਿਬ ਇਸ ਦਾ ਹੱਲ ਦਸਦੇ ਹਨ ਕਿ ਮਨੁੱਖ ਕਰਤੇ (ਪ੍ਰਮਾਤਮਾ) ਦੀ ਰਜ਼ਾ ਵਿਚ ਚੱਲੇ ਤਾਂ ਇਹ ਕੰਧ ਖਤਮ ਹੋ ਸਕਦੀ ਹੈ। ਇਨਸਾਨ ਨੂੰ ਕਰਤੇ ਦੇ ਹੁਕਮ ਵਿਚ ਰਹਿਣਾ ਪਏਗਾ। ਭੋਰਿਆਂ ਵਿਚ ਤਪਸਿਆ ਕਰਨੀ ਕਰਤੇ ਦਾ ਹੁਕਮ ਨਹੀਂ ਹੈ।

ਗੁਰਬਾਣੀ ਮੁਤਾਬਕ ਜਪੁ ਤਪੁ ਕੀ ਸਵਾਰਦਾ ਹੈ?

**ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ॥**
**ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥** (ਅੰਕ 1060)

ਇਹ ਜਪੁ ਤਪੁ ਕੁਝ ਨਹੀਂ ਸਵਾਰਦਾ ਜਦ ਤੱਕ ਅਸੀਂ ਗੁਰੂ ਗਿਆਨ ਨੂੰ ਸਮਝ ਕੇ ਉਸਦੀ ਕਮਾਈ ਨਹੀਂ ਕਰਦੇ, ਭਾਵ ਰੱਬੀ ਹੁਕਮ ਵਿਚ ਨਹੀ ਆਉਂਦੇ। ਇਸ ਗੁਰੂ ਗਿਆਨ ਰਾਹੀਂ ਸੱਚ ਦੀ ਪ੍ਰਾਪਤੀ ਹੁੰਦੀ ਹੈ ਤੇ ਸੱਚੇ ਨਾਲ ਇਕਮਿਕ ਹੋ ਸਕੀਦਾ ਹੈ। ਇਹ ਜੋ ਧਰਮ ਦੇ ਨਾਂ 'ਤੇ ਕਰਮ-ਕਾਂਡ ਕੀਤੇ ਜਾਂਦੇ ਹਨ ਉਸ ਬਾਰੇ ਗੁਰੂ ਦਾ ਹੁਕਮ ਹੈ:

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥**
**ਸੰਤਹੁ ਸਾਗਰੁ ਪਾਰਿ ਉਤਰੀਐ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥੧॥ਰਹਾਉ॥** (ਅੰਕ 747)

ਧਰਮ ਦੇ ਨਾਮ 'ਤੇ ਜੋ ਕਰਮ ਕੀਤੇ ਜਾਂਦੇ ਹਨ ਉਹ ਪਾਖੰਡ ਕਰਨ ਵਾਲੇ ਨੂੰ ਜਮਦੂਤ ਵਸੂਲੀਆ ਬਣ ਕੇ ਲੁੱਟਦਾ ਹੈ। ਪਰ ਜੇ ਕੋਈ ਇਨਸਾਨ ਸੰਤ ਜਨਾਂ ਦਾ ਬਚਨ ਮੰਨ ਕੇ ਭਾਵ ਗੁਰੂ ਦਾ ਹੁਕਮ ਮੰਨ ਕੇ ਨਿਰਸਵਾਰਥ ਹੋਕੇ ਉਸ ਕਰਤੇ ਦੀ ਸਿਫਤ ਸਲਾਹ ਕਰਦਾ ਹੈ ਤਾਂ ਉਹ ਇਸ ਸੰਸਾਰ ਸਮੁੰਦਰ ਵਿਚੋ ਪਾਰ ਹੋ ਜਾਂਦਾ ਹੈ, ਭਾਵ ਉਹ ਸੱਚ ਨਾਲ ਮੇਲ ਕਰ ਲੈਂਦਾ ਹੈ। ਇਨ੍ਹਾਂ ਗੁਰੂ ਹੁਕਮਾ ਤੋਂ ਸਾਨੂੰ ਪਤਾ ਲਗਦਾ ਹੈ ਕਿ ਨੌਵੇਂ ਨਾਨਕ ਦਾ ਇਨ੍ਹਾਂ ਕਰਮ-ਕਾਂਡਾ ਨਾਲ ਕੋਈ ਸਬੰਧ ਨਹੀਂ। ਨੌਵੇਂ ਨਾਨਕ ਤਾਂ ਆਪ ਸਾਨੂੰ ਸਮਝਾਉਦੇ ਹਨ:

**ਮਨ ਰੇ ਗਹਿਓ ਨ ਗੁਰ ਉਪਦੇਸੁ॥ ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ॥੧॥ਰਹਾਉ॥** (ਅੰਕ 633)

ਹੇ ਮਨ ਤੂੰ ਗੁਰੂ ਦੀ ਸਿੱਖਿਆ ਨਹੀਂ ਲੈਂਦਾ, ਪਰ ਸਿਰ ਮੁਨਾ ਕੇ ਭਗਵੇਂ ਕਪੜੇ ਪਾ ਲਏ ਤਾਂ ਕੀ ਫਾਇਦਾ ਹੋਇਆ।

**ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ਰਹਾਉ॥** (ਅੰਕ 684)

ਹੇ ਮਨੁੱਖ ਪਰਮਾਤਮਾ ਨੂੰ ਜੰਗਲ ਵਿਚ ਕਿਉਂ ਲੱਭਦਾ ਫਿਰਦਾ ਹੈ, ਉਹ ਤਾਂ ਸਭ ਥਾਵਾਂ 'ਤੇ ਮੌਜੂਦ ਹੈ। ਤੇਰੇ ਨਾਲ ਹੀ ਹੈ ਜਿਵੇਂ ਫੁੱਲ ਦੇ ਅੰਦਰ ਖੁਸ਼ਬੋ ਹੈ ਤੇ ਸ਼ੀਸ਼ੇ ਦੇ ਵਿਚ ਵੇਖਣ ਵਾਲੇ ਦਾ ਅਕਸ਼ ਸਮਾਇਆ ਹੋਇਆ ਹੈ। ਇਸੇ ਤਰ੍ਹਾਂ ਪ੍ਰਮਾਤਮਾ ਸਾਡੇ ਅੰਦਰ ਵੱਸ ਰਿਹਾ ਹੈ ਆਪਣੇ ਹਿਰਦੇ ਵਿਚੋਂ ਹੀ ਉਸ ਨੂੰ ਲੱਭੋ। ਇਸ ਤਰ੍ਹਾਂ ਗੁਰਬਾਣੀ ਇਸ ਕਹਾਣੀ ਨੂੰ ਨਕਾਰਦੀ ਹੈ।

ਹੁਣ ਅਸੀਂ ਇਤਿਹਾਸਕ ਤੱਥਾਂ ਦੇ ਅਧਾਰ ’ਤੇ ਇਸ ਕਹਾਣੀ ਨੂੰ ਵਿਚਾਰਾਂਗੇਂ।

ਗੁਰੂ ਤੇਗ ਬਹਾਦਰ ਸਾਹਿਬ 1621 ਤੋਂ ਲੈ ਕੇ 1634 ਤੱਕ ਅੰਮ੍ਰਿਤਸਰ ਵਿਖੇ ਰਹੇ। ਉਸ ਤੋਂ ਬਾਅਦ ਆਪਣੇ ਪਿਤਾ ਜੀ ਨਾਲ ਕੀਰਤਪੁਰ ਚਲੇ ਗਏ। ਉਥੋਂ ਅਪਣੇ ਪਿਤਾ ਜੀ ਦੇ ਹੁਕਮ ਅਨੁਸਾਰ ਮਾਤਾ ਨਾਨਕੀ ਜੀ ਨਾਲ ਬਕਾਲੇ ਚਲੇ ਗਏ। ਪਹਿਲੀ ਗੱਲ, ਗੁਰੂ ਤੇਗ ਬਹਾਦਰ ਸਾਹਿਬ 1644 ਤੋਂ ਲੈ ਕੇ 1656 ਤੱਕ ਹੀ ਬਕਾਲੇ ਵਿੱਚ ਰਹੇ, ਜੋ ਕਿ ਕੇਵਲ 12 ਸਾਲ ਦਾ ਸਮਾਂ ਹੈ। ਦੂਜੀ ਗੱਲ ਇਹ ਹੈ ਕਿ ਬਕਾਲੇ ਵੀ ਉਹ ਮਾਝੇ ਦੇ ਇਲਾਕਿਆਂ ਵਿੱਚ ਧਰਮ ਪ੍ਰਚਾਰ ਹੀ ਕਰਦੇ ਰਹੇ। ਤੀਜੀ ਗੱਲ ਇਹ ਹੈ ਕਿ ਇਹ ਅਖੌਤੀ ਤਪੱਸਿਆ ਕਰਨੀ, ਜੰਗਲਾਂ ਵਿੱਚ ਤੁਰ ਜਾਣਾ, ਭੌਂਰੇ ਵਿੱਚ ਬੈਠਣਾ, ਇਹ ਸਭ ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਦੇ ਉਲਟ ਹਨ।

9 ਜੂਨ 1656 ਨੂੰ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਹਰਿਰਾਏ ਸਾਹਿਬ ਜੀ ਦੇ ਕਹਿਣ ਨਾਲ ਅਤੇ ਪੂਰਬ ਦੇਸ਼ ਦੀ ਸੰਗਤ ਦੀ ਬੇਨਤੀ ਉਤੇ ਬੰਗਾਲ, ਬਿਹਾਰ, ਯੂ.ਪੀ., ਗਯਾ, ਬੋਧ, ਅਸਮ, ਪ੍ਰਯਾਗ ਆਦਿ ਵੱਲ ਚਾਲੇ ਪਾ ਦਿੱਤੇ ਕੀਰਤਪੁਰ, ਲਖਨੌਰ, ਪੰਜੋਖਰਾ, ਕੁਰੂਕਸ਼ੇਤਰ, ਕੈਥਲ,ਜੀਂਦ ਆਦਿ ਸਥਾਨਾਂ ‘ਤੇ ਘੁੰਮਦੇ ਹੋਏ ਉਹ 29 ਮਾਰਚ 1657 ਨੂੰ ਹਰਿਦੁਆਰ ਪਹੁੰਚੇ। ਇਸ ਬਾਰੇ ਇੱਕ ਇੰਦਰਾਜ, ਭੱਟਵਈ ਧਨੋੜਾ, ਪਰਗਨਾ ਜੀਂਦ ਵਿੱਚ ਮਿਲਦਾ ਹੈ। ਹਰਿਦੁਆਰ ਗੁਰੂ ਤੇਗ ਬਹਾਦਰ ਸਾਹਿਬ ਆਸ-ਪਾਸ ਦੇ ਇਲਾਕਿਆਂ ਜਿਵੇਂ ਮਥੁਰਾ, ਆਗਰਾ, ਗੜ੍ਹ ਮੁਕਤੇਸ਼ਵਰ, ਮਿਰਜਾਪੁਰ ਅਤੇ ਪ੍ਰਯਾਗ ਵਿਖੇ ਧਰਮ ਪ੍ਰਚਾਰ ਕਰਦੇ ਰਹੇ। ਉਹ 21 ਜੂਨ 1661 ਦੇ ਦਿਨ ਹਾੜ ਸੁਦੀ ਪੰਜ ਸੰਮਤ 1718 ਬਨਾਰਸ ਪਹੁੰਚੇ। ਇਸ ਦੇ ਬਾਰੇ ਸਾਨੂੰ ਭਟਵਈਆਂ ਵਿੱਚ ਐਂਟਰੀ ਮਿਲਦੀ ਹੈ। ਮਜਰੂ ਜਲਾਨੇ ਹੈਡਿੰਗ ਹੇਠਾਂ। ਜੁਲਾਈ 1661 ਦੇ ਵਿੱਚ ਪਟਨਾ ਪਹੁੰਚੇ। 19 ਦਸੰਬਰ 1662 ਵਿੱਚ ਆਪ ਪ੍ਰਯਾਗ ਵਿੱਚ ਸਨ। 6 ਅਕਤੂਬਰ1661 ਨੂੰ ਕੀਰਤਪੁਰ ਵਿਖੇ ਗੁਰੂ ਹਰਿ ਰਾਏ ਸਾਹਿਬ ਜੋਤੀ ਜੋਤ ਸਮਾ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰੂ ਹਰਿ ਰਾਏ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਮਈ 1662 ਵਿੱਚ ਮਿਲੀ। ਹੁਣ ਆਪ ਜੀ ਨੇ ਇਸ ਖ਼ਬਰ ਤੋਂ ਬਾਅਦ ਵਾਪਸੀ ਚਾਲੇ ਪਾ ਦਿੱਤੇ। ਮਾਰਚ 1664 ਦੇ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਪਹੁੰਚੇ। ਇੱਥੇ ਉਹ ਭਾਈ ਕਲਿਆਣ ਦਾਸ ਜੀ ਦੀ ਧਰਮਸ਼ਾਲਾ ਵਿੱਚ ਰੁਕੇ ਅਤੇ 21 ਮਾਰਚ ਨੂੰ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਮਿਲਣ ਲਈ ਰਾਜਾ ਜੈ ਸਿੰਘ ਮਿਰਜਾ ਦੀ ਹਵੇਲੀ ਵਿੱਚ ਗਏ। ਇਸ ਤੋਂ ਬਾਅਦ ਪੰਜਾਬ ਵੱਲ ਨੂੰ ਤੁਰ ਪਏ।

30 ਮਾਰਚ 1664 ਨੂੰ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਜੋਤੀ ਜੋਤ ਸਮਾ ਗਏ। ਉਸ ਤੋਂ ਬਾਅਦ 1664 ਦੇ ਦਿਨ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ  ਗੁਰਗੱਦੀ ਸੰਭਾਲਣ ਦੀ ਸੇਵਾ ਬਖ਼ਸ਼ੀ ਗਈ। ਇਸ ਤਰ੍ਹਾਂ ਅਸੀਂ ਵੇਖਿਆ ਕਿ 1656 ਤੋਂ 1664 ਤੱਕ ਤਕਰੀਬਨ 8 ਸਾਲ ਉਹ ਪੂਰਬ ਦੇਸ਼ ਦੇ ਦੌਰਿਆਂ ‘ਤੇ ਗੁਰਗੱਦੀ ਮਿਲਣ ਤੋਂ ਪਹਿਲਾਂ ਰਹੇ। ਇਸ ਤੋਂ ਬਾਅਦ 19 ਜੂਨ 1665 ਵਿੱਚ ਉਨ੍ਹਾਂ ਨੇ ਚੱਕ ਨਾਨਕੀ ਦੀ ਨੀਂਹ ਰੱਖੀ। ਚੱਕ ਨਾਨਕੀ ਦੀ ਜਮੀਨ ਗੁਰੂ ਜੀ ਨੇ ਆਪ ਖਰੀਦੀ। ਨੀਂਹ ਰੱਖਣ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਸਾਰੇ ਮਾਝੇ ਅਤੇ ਮਾਲਵੇ ਵਿਚ ਧਰਮ ਪ੍ਰਚਾਰ ਕਰਦੇ ਰਹੇ। ਇਥੋਂ ਉਹ ਰੋਪੜ, ਕਿਰਤਪੁਰ, ਭਰਤਗੜ੍ਹ, ਫਤਿਹਗੜ੍ਹ, ਰਾਜਪੁਰਾ,ਪਟਿਆਲਾ ਅਤੇ

ਉਸ ਤੋਂ ਬਾਅਦ ਕੈਥਲ, ਜੀਂਦ ਅਤੇ ਧਮਧਾਨ ਵੀ ਗਏ ਜਿੱਥੇ 1 ਨਵੰਬਰ 1665 ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਗ੍ਰਿਫ਼ਤਾਰ ਕਰਕੇ ਉਹਨਾਂ ਨੂੰ ਔਰੰਗਜ਼ੇਬ ਕੋਲ ਪੇਸ਼ ਕੀਤਾ ਜਾਂਦਾ ਹੈ, ਤੇ 31 ਦਸੰਬਰ ਦੀ ਰਾਤ ਨੂੰ ਰਾਮ ਸਿੰਘ ਮਿਰਜ਼ਾ ਗੁਰੂ ਜੀ ਨੂੰ ਰਿਹਾ ਕਰ ਦਿੰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਫਿਰ 1 ਜਨਵਰੀ 1666 ਵਿੱਚ ਦੁਬਾਰਾ ਧਰਮ ਪ੍ਰਚਾਰ ਦੇ ਦੌਰੇ ’ਤੇ ਯੂਪੀ, ਬਿਹਾਰ, ਬੰਗਾਲ, ਢਾਕਾ, ਅਸਮ ਵਲ ਚੱਲੇ ਜਾਂਦੇ ਹਨ ਤੇ 1672 ਵਿਚ ਵਾਪਸ ਆਏ। ਗੁਰਗੱਦੀ ਮਿਲਣ ਤੋਂ ਬਾਅਦ 6 ਸਾਲ ਉਹ ਫੇਰ ਪੂਰਬ ਦੇਸ਼ ਦੇ ਦੌਰਿਆਂ ਤੇ ਰਹ। ਜਿਨ੍ਹਾਂ ਨੂੰ ਇਹ ਸਮੱਗਰੀ ਨਹੀਂ ਮਿਲੀ, ਤਾਂ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਭੌਰੇ ਵਿੱਚ ਬਿਠਾ ਦਿੱਤਾ ਅਤੇ ਇਤਿਹਾਸਕਾਰ ਜਿਹੜੇ ਸਿੱਖ ਇਤਿਹਾਸ ਨੂੰ ਵਿਗਾੜਨਾ ਚਾਹੁੰਦੇ ਸੀ, ਉਨ੍ਹਾਂ ਨੇ ਕੁਝ ਵੀ ਹੇਰਾ ਫੇਰੀਆਂ ਕੀਤੀਆਂ ਅਤੇ ਇਹ ਇਤਹਾਸ ਬਣਾ ਦਿਤਾ। ਸੋ ਸਾਨੂੰ ਸਾਰਿਆਂ ਨੂੰ ਉਪਰੋਕਤ ਘਟਨਾਵਾਂ ਤੋਂ ਇਹ ਸੋਝੀ ਲੈਣੀ ਚਾਹੀਦੀ ਹੈ ਕਿ ਜਪ ਤਪ ਕਰਨਾ ਤੀਰਥਾਂ ਤੇ ਜਾਣਾ ਸਮਾਧ ਲਗਾਉਣਾ ਭੋਰਿਆਂ ਵਿਚ ਬੈਠਣਾ ਇਹ ਸਭ ਕਰਮਕਾਂਡ ਹਨ।




**– ਅਮਰਜੀਤ ਕੌਰ**
ਮੈਂਬਰ
ਆਓ ਬਣੀਏ ਗੁਰਸਿੱਖ ਪਿਆਰਾ

# Frighten None, Fear Not
# Living the Legacy of Guru Tegh Bahadur Ji

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ**

One who does not frighten anyone and is not afraid of anyone else. – Guru Tegh Bahadur Ji

Sri Guru Tegh Bahadur Ji, the ninth Guru of the Sikhs, embodied this divine principle throughout His life. His philosophy of "Frighten None, Fear Not" continues to inspire generations, teaching us courage, compassion, and the strength to stand for truth and righteousness.




In the spirit of His teachings, Aao Baniye Gursikh Pyara and Param's Creative Nest collaboratively organized a series of initiatives that brought together seekers, learners, and families to celebrate Sikh values, Gurmukhi script, and Gurbani.

**Anmol Akhar – Gurmukhi Writing Competition**

Organized in both online and offline formats in Delhi, this competition inspired learners to explore the beauty of the Gurmukhi script. The Delhi chapter was proudly supported by WSCC, ensuring wider community participation.

**Safar-e-Gurmukhi**

This special series was a huge success. Participants were guided to write one Gurmukhi letter every day, encouraging entire families to sit together and learn. It became a joyful celebration of our script and culture, connecting generations with Maa Boli Punjabi.

**Divine Rhythms – Gurbani Kirtan Competition**

An online event where participants from all age groups across India and abroad came together to recite Gurbani. Along with the spiritual meanings of the Shabad, the event became a soulful experience. Prizes and medals were awarded to all participants to encourage them, making the celebration of divine rhythm even more memorable.

**Maa Boli Diwas**

An online session attended by eminent personalities from across the world. The event honored our mother tongue, bringing together global voices to celebrate and preserve Punjabi language and heritage.

**Celebrating Meritorious Students**

Special prizes were awarded to students of Class 10 and 12 for their outstanding achievements. To guide them on their journey ahead, a career counseling session was also conducted, helping them discover opportunities and chart their future paths.

**Shaan-e-Sikhi – Tie Turban with Me**

Concluding the celebrations, participants uploaded their videos on the Anmol Akhar Facebook group, beautifully showcasing the spirit and glory of Sikh faith through turban tying. It was a vibrant tribute to the eternal pride of Sikhi.

Through these collective efforts, Aao Baniye Gursikh Pyara and Param's Creative Nest created spaces where learning, inspiration, and community came together. What began as simple initiatives became heartfelt celebrations of Gurbani, Gurmukhi, and Sikh heritage, connecting generations with our roots. With Waheguru's grace, these humble efforts shall continue to blossom—nurturing love for Gurbani, pride in Maa Boli, and the eternal spirit of Sikhi in every heart.



**- Paramdeep Kaur**
Team Member
Aao Baniye Gursikh Pyara

# ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਧੂਬਰੀ, ਅਸਾਮ



ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਦ ਆਪਣੀ ਧਰਮ ਪ੍ਰਚਾਰ ਯਾਤਰਾ ਦੌਰਾਨ ਅਸਾਮ ਵਾਲੇ ਪਾਸੇ ਗਏ ਜਿਸ ਅਸਥਾਨ 'ਤੇ ਬ੍ਰਹਮਾਪੁੱਤਰ ਨਦੀ ਦੇ ਕੰਡੇ ਧੂਬਰੀ ਸ਼ਹਿਰ ਵਸਿਆ ਹੋਇਆ ਹੈ। ਨੌਵੇਂ ਗੁਰੂ ਜੀ ਤੋਂ ਪਹਿਲੇ ਇਸ ਅਸਥਾਨ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ 1505 ਈਸਵੀ ਵਿੱਚ ਆਪਣੀ ਧਰਮ ਪ੍ਰਚਾਰ ਯਾਤਰਾ ਦੌਰਾਨ ਇੱਥੇ ਪਹੁੰਚੇ ਤੇ ਸੰਗਤਾਂ ਨੂੰ ਸਿੱਖ ਧਰਮ ਦੇ ਸਿਧਾਂਤ- ਅਰਦਾਸ, ਨਾਮ-ਸਿਮਰਨ, ਸੇਵਾ ਅਤੇ ਸਦਾਚਾਰ ਨਾਲ ਜਾਣੂ ਕਰਵਾਇਆ ਤੇ ਸੰਗਤਾਂ ਨੂੰ ਅਸੀਸ ਦਿੱਤੀ। ਉਹੀ ਅਸਥਾਨ ਬਾਦ ਵਿੱਚ ਧੂਬਰੀ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਮੁਗਲ ਸ਼ਾਸਕ ਔਰੰਗਜ਼ੇਬ ਹਿੰਦੁਸਤਾਨ ਵਿੱਚ ਆਪਣੇ ਸ਼ਾਸਨ ਤੇ ਸ਼ਕਤੀ ਨੂੰ ਮਜਬੂਤ ਕਰਨਾ ਚਾਹੁੰਦਾ ਸੀ, ਉਸ ਵੇਲੇ ਕਈ ਰਿਆਸਤਾਂ ਦੇ, ਪ੍ਰਾਂਤਾਂ ਦੇ ਰਾਜਿਆਂ ਨੇ ਉਸ ਪ੍ਰਤੀ ਬਗਾਵਤ ਕੀਤੀ ਸੀ, ਵਿਰੋਧ ਕੀਤਾ ਸੀ। ਉਹਨਾਂ ਵਿੱਚ ਆਸਾਮ ਦੇ ਰਾਜਾ ਚਕਰਧਵਜ਼ (ਅਹੋਮ ਸੈਨਾ ਦੇ ਆਗੂ) ਵੀ ਸਨ। ਔਰੰਗਜ਼ੇਬ ਦੀ ਸੈਨਾ ਦਾ ਰਾਜਪੂਤ ਜਨਰਲ ਰਾਜਾ ਰਾਮ ਸਿੰਘ ਔਰੰਗਜ਼ੇਬ ਦਾ ਖਾਸ ਬੰਦਾ ਸੀ, ਪਰ ਕੁਝ ਕਾਰਨਾਂ ਕਰਕੇ ਉਹ ਔਰੰਗਜ਼ੇਬ ਦੀ ਅੱਖਾਂ ਵਿੱਚ ਰੜਕਦਾ ਸੀ। ਔਰੰਗਜ਼ੇਬ ਨੇ ਆਪਣੀ ਕੁਟ- ਨੀਤੀ ਅਨੁਸਾਰ ਚਾਲ ਚਲੀ, ਹਿੰਦੂ ਰਾਜਾ ਰਾਮ ਸਿੰਘ ਨੂੰ ਰਾਜਾ ਚਕਰਧਵਜ਼ ਨੂੰ ਦਬਾਉਣ ਲਈ ਅਸਾਮ ਵੱਲ ਭੇਜਿਆ, ਤਾਂ ਕਿ ਦੋਵੇਂ ਹਿੰਦੂ ਆਪਸ ਵਿੱਚ ਲੜ ਕੇ ਖਤਮ ਹੋ ਜਾਣ।

ਹੋਮ (ਅਹੋਮ) ਰਾਜ ਅਤੇ ਮੁਗ਼ਲ (Mughal) ਸੈਨਾ ਵਿੱਚ ਕਾਫੀ ਸੰਘਰਸ਼ ਸੀ। ਰਾਜਾ ਰਾਮ ਸਿੰਘ ਗੁਰੂ ਘਰ ਦੇ ਅਤੀ ਸ਼ਰਧਾਲੂ ਸਨ ਤੇ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਪਣਾ ਮਕਸਦ ਦੱਸਿਆ ਤੇ ਸਹਾਇਤਾ ਮੰਗੀ। ਗੁਰੂ ਸਾਹਿਬ, ਰਾਜਾ ਰਾਮ ਸਿੰਘ ਤੇ ਆਸਾਮ ਦੀ ਅਹੋਮ ਸ਼ਇਨਓ (ਹੋਮ ਸੈਨਾ) ਨੇ ਕਈ ਤਾਂਤਰਿਕ ਵਾਰ ਕੀਤੇ ਪਰ ਅਸਫਲ ਰਹੇ। ਅਸਾਮ ਦੇ ਗੁਆਲ ਪਾੜੇ ਦੀ "ਨਿਤਿਆ" ਨਾਮਕ ਧੋਬਨ ਨੇ ਗੁਰੂ ਜੀ ਦੇ ਉੱਤੇ ਕਈ ਤਾਂਤਰਿਕ ਵਾਰ ਕੀਤੇ, ਪਰ ਅਸਫਲ ਰਹੀ। ਗੁਰੂ ਸਾਹਿਬ ਨੇ ਉਸ ਨੂੰ ਵੀ ਪਿਆਰ ਨਾਲ ਸਮਝਾਇਆ ਤੇ ਸ਼ਾਂਤੀ ਔਰ ਪ੍ਰੇਮ, ਮਿਲਵਰਤਨ ਦਾ ਉਪਦੇਸ਼ ਦਿੱਤਾ। ਇਸੇ ਅਸਥਾਨ ਤੇ ਗੁਰੂ ਸਾਹਿਬ ਜੀ ਨੇ ਦੋਨੋਂ ਰਾਜਿਆਂ ਰਾਜਾ ਰਾਮ ਸਿੰਘ ਅਤੇ ਰਾਜਾ ਚਕਰਧਵਜ਼ ਨੂੰ ਬੜੇ ਪਿਆਰ ਅਤੇ ਸ਼ਾਂਤੀ ਦੀ ਸਿੱਖਿਆ ਦਿੱਤੀ, ਸਮਝਾਇਆ ਕਿ ਲੜਾਈ ਲੜਨ ਦਾ ਕੋਈ ਫਾਇਦਾ ਨਹੀਂ ਹੈ ਹਜ਼ਾਰਾਂ ਬੇਕਸੂਰ ਲੋਕਾਂ ਦੀ ਜਾਨ ਜਾਏਗੀ ਤੇ ਖ਼ੂਨ ਖਰਾਬਾ ਹੋਵੇਗਾ। ਰਾਜਾ ਚਕਰਧਵਜ਼ ਅਤੇ (ਔਰੰਗਜ਼ੇਬ ਦੇ ਜਨਰਲ) ਰਾਜਾ ਰਾਮ ਸਿੰਘ ਦੀ ਸੁਲਾਹ ਕਰਵਾ ਕੇ ਉਹਨਾਂ ਨੇ ਸਾਰੀ ਮਨੁੱਖਤਾ ਦੇ ਭਲੇ ਲਈ, ਕਲਿਆਣਤਾ ਲਈ, ਜੰਗ ਨਹੀਂ ਹੋਣ ਦਿੱਤੀ, ਤੇ ਵਿਅਰਥ ਦਾ ਖ਼ੂਨ -ਖਰਾਬਾ ਹੋਣ ਦੀ ਜਗਾਹ ਸ਼ਾਂਤੀ, ਆਪਸੀ ਮੇਲ-ਮਿਲਾਪ, ਪ੍ਰੇਮ, ਮਿਲਵਰਤਨ ਤੇ ਖੁਸ਼ਹਾਲੀ ਦਾ ਮਾਹੌਲ ਬਣਾਇਆ।

ਦੁਨੀਆਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਹ ਸੁਲਾਹ ਕਰਵਾ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਐਮਨੈਸਟੀ ਇੰਟਰਨੈਸ਼ਨਲ (Amnesty international) ਦੀ ਨੀਂਹ ਰੱਖੀ, ਜਿਸ ਨੂੰ 1948 ਈਸਵੀ ਵਿੱਚ UK-London ਵਾਲਿਆਂ ਨੇ ਪ੍ਰਮੋਟ ਕੀਤਾ ਤੇ ਉਹ ਸੰਸਥਾ ਆਪਣੀ ਹੋਂਦ ਵਿੱਚ ਆਈ। ਇਹ ਸਾਡੇ ਸਿੱਖ ਪੰਥ ਲਈ ਬੜੇ ਮਾਨ ਸਨਮਾਨ ਦੀ ਗੱਲ ਹੈ। ਇਸ ਘਟਨਾ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਇਕ "Mount Of Peace" (ਸ਼ਾਂਤੀ ਦੀ ਮਿੱਟੀ ਦਾ ਟਿੱਲਾ) ਬਨਵਾਇਆ, ਜਿਸ ਵਿਚ ਮੁਗ਼ਲ ਅਤੇ ਅਹੋਮ ਦੋਨਾਂ ਸੈਨਾ ਨੇ ਆਪਣਾ ਸਹਿਯੋਗ ਦਿੱਤਾ। ਇਸ ਤੋਂ ਉਪ੍ਰੰਤ, ਤਿਰਪੁਰਾ ਦਾ ਰਾਜਾ ਰਾਮ ਰਾਏ ਜੋ ਕਿ ਗੁਰੂ ਸਾਹਿਬ ਜੀ ਦਾ ਬੜਾ ਹੀ ਮੁਰੀਦ ਸੀ, ਗੁਰੂ ਘਰ ਵਿੱਚ ਅਰਦਾਸਾਂ ਕਰਕੇ, ਅਕਾਲ ਪੁਰਖ ਦੀ ਕਿਰਪਾ ਨਾਲ ਉਸਨੂੰ ਪੁੱਤਰ ਪ੍ਰਾਪਤੀ ਹੋਈ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਰਾਜਾ ਰਾਮ ਸਿੰਘ ਜੀ ਦੇ ਬੇਟੇ ਰਾਜਾ ਰਤਨ ਰਾਏ ਜੀ ਨੇ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਆਪਣੇ ਜੱਥੇ ਨਾਲ ਗੁਰੂ ਸਾਹਿਬ ਜੀ ਕੋਲ ਪੁੱਜ ਕੇ ਉਪਹਾਰ ਸਰੂਪ ਪ੍ਰਸ਼ਾਦੀ ਹਾਥੀ, ਚੰਦਨ ਦਾ ਪਲੰਗ, ਪੰਜ ਕਲਾ ਸਸਤਰ, ਰਤਨ- ਜਵਾਰਾਤ, ਵਗੈਰਾ ਭੇਂਟ ਕਰਕੇ ਗੁਰੂ ਸਾਹਿਬ ਜੀ ਦਾ ਸਤਿਕਾਰ ਕੀਤਾ। ਗੁਰੂ ਸਾਹਿਬ ਨੇ ਉਨਾਂ ਨੂੰ ਸਿੱਖ ਧਰਮ ਦੇ ਕਈ ਉਪਦੇਸ਼ ਦਿੱਤੇ ਅਤੇ ਕੁਝ ਸਮਾਂ ਧੂਬਰੀ ਸਾਹਿਬ ਵਿਚ ਬਿਤਾਇਆ। **ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।**



**– ਮਹਿੰਦਰ ਸਿੰਘ**

ਰਾਂਚੀ, ਝਾਰਖੰਡ

# ਬਾਬਾ ਬਸੇ ਗ੍ਰਾਮ ਬਕਾਲੇ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।



ਗੁਰਦੁਆਰਾ ਬਾਬਾ ਬਕਾਲਾ ਸਾਹਿਬ, ਪੰਜਾਬ

ਅੱਜ ਮੈ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਜੀਵਨੀ ਬਾਰੇ ਕੁਝ ਪੱਖ ਆਪ ਜੀ ਦੇ ਸਾਹਮਣੇ ਰੱਖਣਾ ਚਾਹੁੰਦੀ ਹਾਂ। ਜਦੋਂ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲੇ ਗੁਰਗੱਦੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੌਂਪੀ ਅਤੇ ਕਿਹਾ ਕਿ "ਬਾਬਾ ਬਸੇ ਗ੍ਰਾਮ ਬਕਾਲੇ"। ਹੁਣ ਇਸ ਤੋਂ ਅੱਗੇ ਕਹਾਣੀ ਸ਼ੁਰੂ ਹੁੰਦੀ ਹੈ, ਮੱਖਣ ਸ਼ਾਹ ਲੁਭਾਣੇ ਦੀ।

ਅਸੀਂ ਹੁਣ ਤੱਕ ਇਹੀ ਸੁਣਦੇ ਪੜਦੇ ਆ ਰਹੇ ਹਾਂ ਕਿ ਮੱਖਣ ਸ਼ਾਹ ਲੁਭਾਣਾ ਇੱਕ ਵਪਾਰੀ ਸੀ ਤੇ ਉਹ ਜਦੋਂ ਵਪਾਰ ਕਰਨ ਲਈ ਆਪਣਾ ਜਹਾਜ ਲੈ ਕੇ ਜਾ ਰਿਹਾ ਸੀ ਤੇ ਉਸ ਦਾ ਜਹਾਜ ਇੱਕ ਤੂਫਾਨ ਆਣ ਕਰਕੇ ਡੁੱਬਣ ਲੱਗਾ ਤੇ ਉਸਨੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਮੈਨੂੰ ਬਚਾ ਲਓ! ਮੈਂ ਤੁਹਾਨੂੰ 500 ਮੋਹਰਾਂ, ਕਈ ਜਗ੍ਹਾ ਤੇ 100 ਮੋਹਰਾਂ ਦਾ ਵੀ ਜ਼ਿਕਰ ਵੀ ਆਇਆ ਹੈ, ਭੇਟ ਕਰਾਂਗਾ, ਤੇ ਓਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣਾ ਮੋਢਾ ਦੇ ਕੇ ਉਸ ਦਾ ਜਹਾਜ ਬਚਾ ਲਿਆ, ਤੇ ਜਦੋਂ ਉਸ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਾਹਮਣੇ ਜਾ ਕੇ ਦੋ ਮੋਹਰਾਂ ਰੱਖੀਆਂ ਤੇ ਗੁਰੂ ਜੀ ਨੇ ਕਿਹਾ ਤੂੰ ਤਾਂ ਮੈਨੂੰ 500 ਮੋਹਰਾ ਦਾ ਵਾਦਾ ਕੀਤਾ ਸੀ? ਆਓ ਅਸੀਂ ਇਤਿਹਾਸ ਦੇ ਪੰਨੇ ਤੋਂ ਸੱਚਾਈ ਨੂੰ ਜਾਣਦੇ ਹਾਂ।

ਅਸਲ ਵਿੱਚ ਹਕੀਕਤ ਇਹ ਹੈ ਕਿ ਮੱਖਣ ਸ਼ਾਹ ਲੁਭਾਣਾ ਦਾ ਪਰਿਵਾਰ ਗੁਰੂ ਅਰਜਨ ਸਾਹਿਬ ਜੀ ਨਾਲ ਪਹਿਲਾ ਤੋਂ ਹੀ ਜੁੜਿਆ ਹੋਇਆ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਦੀ ਫੌਜ ਵਿੱਚ ਵੀ ਇਸ ਪਰਿਵਾਰ ਵਿੱਚੋਂ ਲੋਕ ਸ਼ਾਮਿਲ ਸਨ। ਮੱਖਣ ਸ਼ਾਹ ਲੁਭਾਣਾ ਬੜਾ ਵੱਡਾ ਵਪਾਰੀ ਸੀ। ਲੁਭਾਣਾ ਪਰਿਵਾਰ ਹਰ ਸਾਲ ਗੁਰੂ ਸਾਹਿਬ ਨੂੰ 100 ਮੋਹਰਾ ਦਸਵੰਤ ਵਜੋਂ ਭੇਟ ਕਰਦੇ ਸੀ। ਮੱਖਣ ਸ਼ਾਹ ਲੁਬਾਣਾ ਨੂੰ ਇਹ ਪਤਾ ਸੀ ਕਿ ਗੁਰਗੱਦੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੌਂਪ ਦਿੱਤੀ ਗਈ ਹੈ ਤੇ ਉਹ ਬਕਾਲੇ ਰਹਿੰਦੇ ਹਨ। ਜਦੋਂ ਮੱਖਣ ਸ਼ਾਹ ਲੁਭਾਣਾ ਆਪਣੇ ਪਰਿਵਾਰ ਸਮੇਤ ਬਕਾਲੇ ਪਹੁੰਚਿਆ ਤੇ ਉਨਾਂ ਨੂੰ ਧੀਰਮਲ ਦੇ ਸਾਥੀਆਂ ਨੇ ਘੇਰ ਲਿਆ ਤੇ ਧੀਰਮਲ ਕੋਲ ਲੈ ਗਏ। ਮੱਖਣ ਸ਼ਾਹ ਲੁਬਾਣਾ ਨੇ ਧੀਰਮਲ ਨੂੰ 2 ਮੋਹਰਾਂ ਭੇਟ ਕੀਤੀਆਂ ਪਰ ਉਸਨੇ ਅੱਗੋਂ ਕੁਝ ਨਹੀਂ ਕਿਹਾ ਤੇ ਮੋਹਰਾਂ ਆਪਣੇ ਜੇਬ ਵਿੱਚ ਪਾ ਲਈਆਂ। ਜੇ ਸੱਚਮੁੱਚ ਧੀਰਮਲ ਨੂੰ ਇਹ ਪਤਾ ਹੁੰਦਾ ਕਿ ਮੱਖਣ ਸ਼ਾਹ ਲੁਭਾਣਾ ਦਾ ਪਰਿਵਾਰ ਹਰ ਸਾਲ 100 ਮੋਹਰਾ ਦਸਵੰਧ ਵਜੋਂ ਦਿੰਦਾ ਹੈ ਤਾਂ ਉਹ ਕਹਿ ਦਿੰਦਾ ਪਰ ਕੁਝ ਵੀ ਨਾ ਕਹਿੰਦੇ ਹੋਏ ਉਸਨੇ ਮੋਹਰਾਂ ਰੱਖ ਲਈਆਂ। ਮੱਖਣ ਸ਼ਾਹ ਲੁਬਾਣਾ ਨੇ ਧੀਰਮਲ ਦੇ ਸਾਥੀਆਂ ਨੂੰ ਪੁੱਛਿਆ ਕਿ ਇਹ ਗੁਰੂ ਤੇਗ ਬਹਾਦਰ ਸਾਹਿਬ ਜੀ ਹਨ? ਤਾਂ ਉਨਾਂ ਨੇ ਕਿਹਾ ਨਹੀਂ ਇਹ ਤਾਂ ਗੁਰੂ ਧੀਰਮਲ ਜੀ ਹਨ। ਮੱਖਣ ਸ਼ਾਹ ਲੁਭਾਣਾ ਨੂੰ ਪਤਾ ਚਲ ਗਿਆ ਕਿ ਇਹ ਕੋਈ ਝੂਠਾ ਸ਼ਖਸ ਹੈ ਫਿਰ ਉਹ ਪੁੱਛਦੇ ਪੁੱਛਦੇ ਗੁਰੂ ਤੇਗ ਬਹਾਦਰ ਸੀ ਸਾਹਿਬ ਜੀ ਦੇ ਘਰ ਪਹੁੰਚ ਗਿਆ। ਤੇ ਜਿਹੜੀ ਭੌਰੇ ਵਾਲੀ ਗੱਲ ਹੈ ਉਹ ਇਹ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਜਦੋਂ ਮੱਖਣ ਸ਼ਾਹ ਲੁਭਾਣਾ ਮਿਲਣ ਲਈ ਗਿਆ ਤਾਂ ਗੁਰੂ ਜੀ ਭੌਰੇ ਵਿੱਚ ਬੈਠੇ ਹੋਏ ਸਨ ਕਿਉਂਕਿ ਭੌਰਾ ਜੋ ਹੈ ਉਹ ਗਰਮੀ ਵਿੱਚ ਠੰਡਕ ਦਿੰਦਾ ਹੈ ਤੇ ਠੰਡ ਵਿੱਚ ਗਰਮੀ ਦਿੰਦਾ ਹੈ। ਉਸ ਜਮਾਨੇ ਵਿੱਚ ਲਾਈਟਾਂ ਅਤੇ ਪੱਖੇ ਨਹੀਂ ਸਨ। ਸਰਾਵਾਂ ਵਿੱਚ ਵੀ ਇਹੋ ਜਿਹੇ ਭੌਰੇ ਹੁੰਦੇ ਸਨ, ਜੋ ਮੌਸਮ ਅਨੁਸਾਰ ਇਨਾਂ ਵਿੱਚ ਬੈਠ ਕੇ ਰਾਹਤ ਮਿਲਦੀ ਸੀ। ਖ਼ੈਰ, ਜਦੋਂ ਮੱਖਣ ਸ਼ਾਹ ਲੁਭਾਣਾ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਲੱਭ ਲਿਆ ਤਾਂ ਉਸਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅੱਗੇ ਦੋ ਮੋਹਰਾਂ ਰੱਖੀਆਂ ਇਹ ਸੋਚ ਕੇ ਕਿ ਪਤਾ ਨਹੀਂ ਇਹ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੈਣ ਜਾਂ ਨਹੀਂ! ਮੋਹਰਾਂ ਵੇਖ ਕੇ ਗੁਰੂ ਸਾਹਿਬ ਜੀ ਨੇ ਕਿਹਾ ਭਾਈ ਮੱਖਣ ਸ਼ਾਹ! ਤੁਹਾਡਾ ਪਰਿਵਾਰ ਤਾਂ 100 ਮੋਹਰਾਂ ਦਾ ਦਸਵੰਧ ਭੇਟ ਕਰਦਾ ਹੈ ਸੇਵਾ ਲਈ!

ਉਸੇ ਵੇਲੇ ਮੱਖਣ ਸ਼ਾਹ ਲੁਭਾਣਾ ਨੇ  ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪਹਿਚਾਣ ਲਿਆ ਅਤੇ ਕਿਹਾ ਇਹੀ ਅਸਲ ਗੁਰੂ ਹਨ ਜਿਨਾਂ ਨੂੰ ਸਾਡੇ ਪਰਿਵਾਰ ਬਾਰੇ ਸਭ ਪਤਾ ਹੈ। ਉਸੇ ਵੇਲੇ ਮੱਖਣ ਸ਼ਾਹ ਲੁਭਾਣਾ ਨੇ ਉੱਚੀ ਉੱਚੀ ਕਿਹਾ ਕਿ "ਗੁਰੂ ਲਾਧੋ ਰੇ, ਗੁਰੂ ਲਾਧੋ ਰੇ॥" ਮੈਂ ਗੁਰੂ ਨੂੰ ਲੱਭ ਲਿਆ। ਮੱਖਣ ਸ਼ਾਹ ਲੁਭਾਣਾ ਨੇ ਧੀਰਮਲ ਅਤੇ ਹੋਰ ਮਸੰਦਾਂ ਨੂੰ ਡਾਂਟ ਫਟਕਾਰ ਕੇ ਗੁਰੂ ਜੀ ਕੋਲ ਲੈ ਆਇਆ ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਹਨਾਂ ਨੂੰ ਮਾਫ ਕਰ ਦਿੱਤਾ ਜਦਕਿ ਧੀਰਮਲ ਨੇ ਸ਼ੀਹੇ ਮਸੰਦ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਗੋਲੀ ਵੀ ਚਲਵਾਈ ਸੀ ਪਰ ਗੁਰੂ ਜੀ ਬਚ ਗਏ ਤੇ ਉਹਨਾਂ ਨੇ ਇਹਨਾਂ ਸਾਰਿਆਂ ਨੂੰ ਮਾਫ ਵੀ ਕਰ ਦਿੱਤਾ। ਇਹ ਸੀ ਮੱਖਣ ਸ਼ਾਹ ਲੁਭਾਣਾ ਦੀ ਅਸਨ ਸੱਚਾਈ। ਇਹ ਨਹੀਂ ਕਿ ਉਸਨੇ ਗੁਰੂ ਜੀ ਨੂੰ ਪ੍ਰਗਟ ਕੀਤਾ ਬਲਕਿ ਗੁਰੂ ਜੀ ਦੀ ਥਾਂ ਲੱਭ ਲਈ ਸੀ। ਸੰਗਤਾਂ ਨੂੰ ਬੇਨਤੀ ਹੈ ਕਿ ਇਤਿਹਾਸ ਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਖੋਜ ਕੇ ਪੜਨਾ ਅਤੇ ਪੜਾਉਣਾ ਚਾਹੀਦਾ ਹੈ, ਨਾ ਕਿ ਮਨਘੜੰਤ ਇਤਿਹਾਸ ਨੂੰ ਅੱਗੇ ਤੋਰਨਾ ਚਾਹੀਦਾ ਹੈ।



**– ਇੰਦਰਜੀਤ ਕੌਰ**
ਪੁਨੇ, ਮਹਾਂਰਾਸ਼ਟਰ

# ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਤ ਕੁਝ ਪ੍ਰਸ਼ਨ

1. ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਦਿੱਲੀ ਦੇ ਚਾਂਦਨੀ ਚੋਕ ਵਿੱਚ ਹੋਈ ਸ਼ਹੀਦੀ ਵੇਲੇ ਦਿੱਲੀ ਵਿੱਚ ਕੀਹ ਮਹੋਲ ਸੀ?

ਉ. ਗੁਰੂ ਸਾਹਿਬ ਜੀ ਅਤੇ ਤਿੰਨ ਸਿੱਖਾਂ ਦੀ ਤਸੀਹੇ ਦੇ ਕੇ ਹੋਈ ਸ਼ਹੀਦੀ ਤੋਂ ਪਹਿਲਾਂ ਇੱਕ ਪਾਸੇ ਤੇ ਮੁਗਲਾਂ ਵਿੱਚ ਭਾਰੀ ਉਤਸ਼ਾਹ ਸੀ ਕਿ ਉਹ ਗੁਰੂ ਸਾਹਿਬ ਜੀ ਨੂੰ ਇਸਲਾਮ ਵਿੱਚ ਸ਼ਾਮਿਲ ਕਰ ਲੈਣਗੇ। ਪਰ ਦੂਜੇ ਪਾਸੇ ਦਿੱਲੀ ਵਿੱਚ ਸਿੱਖੀ ਦੀ ਵੀ ਬੇਮਿਸਾਲ ਪਲੈਨਿੰਗ ਸੀ ਕੀ ਗੁਰੂ ਸਾਹਿਬ ਜੀ ਸ਼ਹੀਦੀ ਤੋ ਬਾਅਦ ਉਹਨਾਂ ਦੀ ਦੇਹ ਦੀ ਕਿਵੇਂ ਸੰਭਾਲ ਕਰਨੀ ਹੈ।

2. ਸਿੱਖਾਂ ਨੂੰ ਔਰੰਗਜੇਬ ਵਲੋ ਕੀ ਚੈਲੇਂਜ ਸੀ?

ਉ. ਮੁਗਲ ਹਕੂਮਤ ਵੱਲੋਂ ਇਹ ਚੈਲੇਂਜ ਸੀ ਕਿ ਗੇਰੂ ਸਾਹਿਬ ਦੀ ਪਵਿੱਤਰ ਦੇਹ ਦੇ ਟੁਕੜੇ ਕਰਕੇ ਦਿੱਲੀ ਦੇ ਮਸ਼ਹੂਰ ਦਰਵਾਜ਼ਿਆਂ ਉੱਤੇ ਟੰਗਣਾ ਸੀ ਤੇ ਸਿੱਖਾਂ ਦੇ ਮਨਾਂ ਵਿੱਚ ਇੱਕ ਦਹਿਸ਼ਤ ਦਾ ਮਾਹੋਲ ਸਿਰਜਨਾ ਸੀ ਕੀ ਜੋ ਕੋਈ ਵੀ ਮੁਗ਼ਲ ਹਕੂਮਤ ਵਿਰੁੱਧ ਜਾਏਗਾ ਉਸ ਦਾ ਵੀ ਇਹ ਹੀ ਹਸ਼ਰ ਕੀਤਾ ਜਾਵੇਗਾ।

3. ਸਿੱਖਾਂ ਨੇ ਇਸ ਚੈਲੇਂਜ ਦਾ ਕਿਵੇਂ ਮੁਕਾਬਲਾ ਕੀਤਾ?

ਉ. ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਪਾਵਨ ਦੇਹ ਦੀ ਪੂਰਨ ਮੁਸਤੈਦੀ ਤੇ ਸਤਿਕਾਰ ਨਾਲ ਸੇਵਾ ਸੰਭਾਲ ਲਈ ਇਕ ਯੋਜਨਾ ਬਣਾਈ ਗਈ। ੧. ਇੱਕ ਨੌਜਵਾਨ ਗੁਰਸਿੱਖਾਂ ਦੀ ਟੋਲੀ ਬਨਾਈ ਗਈ ਜਿਸ ਨੇ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਪਾਵਨ ਸੀਸ ਦੀ ਸੁਰੱਖਿਅਤ ਤਰੀਕੇ ਨਾਲ ਦਿੱਲੀ ਤੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੋਲ ਸ੍ਰੀ ਆਨੰਦ ਪੁਰ ਸਾਹਿਬ ਵਿਖੇ ਪਹੁੰਚਾਉਣਾ ਸੀ। - ਇਸ ਮੰਤਵ ਲਈ ਦਿਲੀ ਦੇ ਗੁਰਸਿੱਖਾਂ ਨੇ ਇੱਕ ਜਰੂਰੀ ਮੀਟਿੰਗ ਦਿਲਵਾਲੀ ਵਾਲੀ ਗਲੀ ਭਾਈ ਜੈਤਾ ਜੀ ਦੇ ਗ੍ਰਿਹ ਵਿਖੇ ਕੀਤੀ। ਭਾਈ ਲੱਖੀ ਸ਼ਾਹ ਵਣਜਾਰਾ ਜੋ ਕਿ ਔਰੰਗਜੇਬ ਦਾ ਬੜਾ ਵਡਾ ਠੇਕੇਦਾਰ ਸੀ ਉਸ ਨਾਲ ਅਪੁਨੀ ਪਲੈਨਿੰਗ ਬਾਰੇ ਸਲਾਹ

ਕੀਤੀ। ਭਾਈ ਲੱਖੀ ਸ਼ਾਹ ਦੇ ਬੇਟੇ ਵੀ ਨਾਲ ਸਨ। ਭਾਈ ਲੱਖੀ ਸ਼ਾਹ ਔਰੰਗਜੇਬ ਦਾ ਇਕ ਭਰੋਸੇਮੰਦ ਠੇਕੇਦਾਰ ਸੀ। ਨੋਜਵਾਨ ਗੁਰਸਿੱਖਾਂ ਦੀ ਇਸ ਪਹਿਲੀ ਟੋਲੀ ਵਿਚ ਭਾਈ ਜੈਤਾ ਜੀ, ਭਾਈ ਨਾਨੂੰ ਜੀ, ਭਾਈ ਆਗਿਆ ਰਾਮ ਜੀ ਅਤੇ ਭਾਈ ਊਦਾ ਜੀ ਨੂੰ ਸ਼ਾਮਿਲ ਕੀਤਾ ਗਿਆ। ਇਹਨਾਂ ਗੁਰਸਿੱਖਾਂ ਨੇ ਚਾਂਦਨੀ ਚੋਂਕ ਵਿਖੇ ਮੁਸਲਮਾਨੀ ਭੈਸ ਬਦਲ ਕੇ ਪਾਣੀ ਛਿੜਕਦੇ ਹੋਏ ਬਿਜਲੀ ਦੀ ਫੁਰਤੀ ਨਾਲ ਕੋਤਵਾਲੀ ਮੈਦਾਨ ਵਿਚੋਂ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਪਾਵਨ ਦੇਹ ਨੂੰ ਸੰਭਾਲ਼ਿਆ ਤੇ ਭਾਈ ਜੈਤਾ ਜੀ ਦੇ ਘਰ ਦਿਲਵਾਲੀ ਵਾਲੀ ਗਲੀ ਵਿੱਚ ਲੈ ਗਏ ਤੇ ਬੜੇ ਆਦਰ ਸਤਿਕਾਰ ਨਾਲ ਪਤੀਆਂ ਆਦਿ ਨਾਲ ਢੱਕ ਕੇ ਅਨੰਦਪੁਰ ਜਾਨ ਦੀ ਤਿਆਰੀ ਕਰ ਲਈ।

4. ਗੁਰੂ ਸਾਹਿਬ ਜੀ ਦਾ ਸੀਸ ਕਿਸ ਤਰਾਂ ਅਨੰਦਪੁਰ ਸਾਹਿਬ ਪਹੁੰਚਾਇਆ ਗਿਆ?

ਉ. ਭਾਈ ਜੈਤਾ ਜੀ, ਭਾਈ ਊਦਾ ਜੀ, ਭਾਈ ਨਾਨੂੰ ਜੀ ਅਤੇ ਭਾਈ ਆਗਿਆ ਰਾਮ ਜੀ ਗੁਰੂ ਸਾਹਿਬ ਜੀ ਦਾ ਸੀਸ ਲੈ ਕੇ ਤਰਾਵੜੀ ਵਿਖੇ ਪਹਿਲਾ ਪੜਾਅ, ਦੂਸਰਾ ਸੋਨੀਪਤ ਤੇ ਤੀਸਰਾ ਪੜਾਅ ਨਾਭਾ ਸਾਹਿਬ ਜ਼ੀਰਕਪੁਰ ਨੇੜੇ ਕੀਤਾ। ਇਸ ਤੋਂ ਉਪਰੰਤ ਆਪ ਜੀ ਨੇ ਕੀਰਤਪੁਰ ਸਾਹਿਬ ਜਾ ਕੇ ਪੜਾਅ ਕੀਤਾ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਾਵਨ ਸੀਸ ਨੂੰ ਕੀਰਤਪੁਰ ਸਾਹਿਬ ਜੀ ਵਿਚ ਪਹੁੰਚ ਦੀ ਖਬਰ ਭੇਜੀ।

5. ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਪਾਵਨ ਸੀਸ ਨੂੰ ਕਿਵੇਂ ਅਨੰਦਪੁਰ ਸਾਹਿਬ ਲੈ ਕੇ ਗਏ?

ਉ. ਗੁਰੂ ਗੋਬਿੰਦ ਸਿਘ ਸਾਹਿਬ ਜੀ ਅਪਨੀ ਮਾਤਾ ਗੁਜਰ ਕੋਰ ਜੀ ਤੇ ਦਾਦੀ ਮਾਤਾ ਨਾਨਕੀ ਜੀ ਤੇ ਮਾਮਾ ਕਿਰਪਾਲ ਦਾਸ ਜੀ ਤੇ ਹੋਰ ਗੁਰਸਿੱਖਾਂ ਨੇ ਪਾਵਨ ਸੀਸ ਨੂੰ ਇਕ ਪਾਲਕੀ ਵਿਚ ਸੁਸ਼ੋਭਿਤ ਕਰਕੇ ਗੁਰਬਾਣੀ ਦਾ ਕੀਰਤਨ ਕਰਦੇ ਹੋਇਆ ਅਨੰਦਪੁਰ ਸਾਹਿਬ ਪਹੁੰਚੇ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਬੜੇ ਸਤਿਕਾਰ ਨਾਲ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਸੀਸ ਦਾ 17 ਨਵੰਬਰ 1674 ਨੂੰ ਸਸਕਾਰ ਕੀਤਾ। ਇਸ ਸਥਾਨ ਉਤੇ ਅਨੰਦਪੁਰ ਵਿਖੇ ਗੁਰਦੁਆਰਾ ਸੀਸ ਗੰਜ ਸਾਹਿਬ ਸ਼ੁਸ਼ੋਭਿਤ ਹੈ। ਇਸ ਗੁਰਦਵਾਰਾ ਸਾਹਿਬ ਨੂੰ ਭਾਈ ਬਘੇਲ ਸਿੰਘ ਕਰੋੜਸਿੰਘੀਏ ਨੇ 1783-85 ਸੰਨ ਵਿਚ ਦਿੱਲੀ ਫ਼ਤਹਿ ਸਮੇਂ ਬਨੁਵਾਇਆ ਸੀ। ਪਿੱਛੇ ਚਾਂਦਨੀ ਚੋਂਕ ਵਿਚ ਗੁਰਸਿੱਖਾਂ ਦੀ ਦੂਸਰੀ ਟੋਲੀ ਜਿਸ ਵਿਚ ਲੱਖੀ ਸ਼ਾਹ ਦੇ ਜਵਾਨ ਤਿੰਨ ਬੇਟੇ ਭਾਂਈ ਨਗਾਹੀਆ, ਭਾਈ ਹੇਮਾਂ ਅਤੇ ਭਾਈ ਹਾੜੀ ਸਨ। ਇਹਨਾਂ ਤੋਂ ਇਲਾਵਾ ਇਸ

ਟੋਲੀ ਵਿਚ ਭਾਈ ਕਾਹਨਾ ਜੀ ਦਾ ਜਵਾਨ ਪੁੱਤਰ ਭਾਈ ਧੂਮਾਂ (ਮਸੰਦ ਨਹੀ) ਵੀ ਸ਼ਾਮਿਲ ਸੀ। ਇਹਨਾਂ ਚੋਹਾਂ ਨੇ ਬੜੇ ਹੋਂਸਲੇ ਤੇ ਜੁਗਤ ਨਾਲ ਸਤਿਗੁਰਾਂ ਦੇ ਪਵਿੱਤਰ ਧੱੜ ਨੂੰ ਧਰਤੀ ਤੋਂ ਚੁੱਕ ਕੇ ਆਪਣੇ ਟਾਂਡੇ (ਕਾਫਿਲਾ) ਦੇ ਇਕ ਗੱਡੇ ਵਿਚ ਧਰ ਲਿਆ ਤੇ ਸਾਰਾ ਟਾਂਡਾ ਆਪਣੀ ਬਸਤੀ ਰਕਾਬਗੰਜ ਵੱਲ ਤੋਰ ਦਿੱਤਾ। ਭੱਟ ਵਹੀ ਜਾਦੌਂ ਖਾਤਾ ਬੜਤੀਆਂ ਕਨਾਵਤੌਂ ਮੁਤਾਬਿਕ 12 ਨਵੰਬਰ ਨੂੰ ਇਕ ਵਿਸ਼ੇਸ਼ ਜੁਗਤ ਨਾਲ ਸਤਿਗੁਰਾਂ ਦੇ ਪਵਿਤੱਰ ਧੱੜ ਦਾ ਸੱਸਕਾਰ ਆਪਣੇ ਘਰ ਨੂੰ ਅੱਗ ਲਗਾ ਕੇ ਪ੍ਰਭਾਤ ਹੋਣ ਤੋ ਪਹਿਲਾਂ ਕਰ ਦਿੱਤਾ ਗਿਆ। ਨਾਲ ਹੀ ਰੋਲਾ ਪਾ ਦਿੱਤਾ ਜੀ ਘਰ ਨੂੰ ਅੱਗ ਲੱਗ ਗਈ ਹੈ ਤੇ ਮੁਗਲ ਫੋਜ ਇਹ ਵੇਖ ਕੇ ਵਾਪਸ ਚਲੀ ਗਈ ਤੇ ਉਹਨਾਂ ਨੂੰ ਗੁਰੂ ਸਾਹਿਬ ਦੇ ਧੱੜ ਦੇ ਸਸਕਾਰ ਬਾਰੇ ਕੋਈ ਸ਼ੱਕ ਨਹੀਂ ਹੋਇਆ। ਰਕਾਬਗੰਜ ਵਾਲੀ ਇਸ ਥਾਂ ਉਤੇ 1783-85 ਨੂੰ ਭਾਈ ਬਘੇਲ ਸਿੰਘ ਕਰੋੜਸਿੰਘੀਏ ਨੇ ਦਿੱਲੀ ਫਤਹਿ ਕਰਨ ਸਮੇਂ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਯਾਦ ਵਿਚ ਗੁਰਦਵਾਰਾ ਰਕਾਬਗੰਜ ਸਾਹਿਬ ਚਾਂਦਨੀ ਚੋਂਕ ਦਿੱਲੀ ਵਿਖੇ ਬਨਵਾਇਆ।



ਪ੍ਰੇਰਨਾ: ਜ਼ੁਲਮ ਦੇ ਖਿਲਾਫ਼ ਹਮੇਸ਼ਾਂ ਢੱਟ ਕੇ ਖੜ੍ਹੋਨਾ ਚਾਹੀਦਾ ਹੈ। "ਸੀਸ ਦੀਆਂ ਪਰ ਸਿਰੜ ਨਾ ਦੀਆਂ"। ਸਰੋਤ : ਜੀਵਨ ਗਾਥਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਅਤੇ ਸਿੱਖ ਇਨਕਲਾਬ - ਲੇਖਕ ਸਰਦਾਰ ਮਹਿੰਦਰ ਸਿੰਘ "ਜੋਸ਼"- ਬਾਨੀ ਨੋਜਵਾਨ ਸਿੱਖ ਮਿਸ਼ਨਰੀ ਲਹਿਰ

**- ਪ੍ਰੋ. ਤਜਿੰਦਰ ਸਿੰਘ**

# ਆਤਮਕ ਆਜ਼ਾਦੀ ਦੇ ਪ੍ਰਤੀਕ
# ਗੁਰੂ ਤੇਗ਼ ਬਹਾਦਰ ਸਾਹਿਬ




ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਨਾਮ ਸਿੱਖ ਇਤਿਹਾਸ ਵਿੱਚ ਉਸ ਆਤਮਕ ਚਾਨਣ ਵਾਂਗ ਹੈ ਜੋ ਜ਼ੁਲਮ ਦੇ ਸਭ ਤੋਂ ਘੁੱਪ ਹਨੇਰੇ ਵਿੱਚ ਵੀ ਆਜ਼ਾਦੀ ਅਤੇ ਨਿਡਰਤਾ ਦੀ ਲੌਅ ਜਗਾਉਂਦਾ ਹੈ। ਡਾ. ਜੇ. ਐਸ. ਗਰੇਵਾਲ ਨੇ ਆਪਣੇ ਪ੍ਰਸਿੱਧ ਲੇਖ *'Guru Tegh Bahadur: The Prophet of Assurance'* ਵਿੱਚ ਗੁਰੂ ਸਾਹਿਬ ਦੇ ਜੀਵਨ ਤੇ ਬਾਣੀ ਨੂੰ ਇਤਿਹਾਸਕ, ਧਾਰਮਿਕ ਤੇ ਦਰਸ਼ਨਿਕ ਪੱਖ ਤੋਂ ਵਿਚਾਰਦਿਆਂ ਹੋਇਆਂ ਇਹ ਦਰਸਾਇਆ ਹੈ ਕਿ ਉਹ ਸਿਰਫ਼ ਇੱਕ ਧਾਰਮਿਕ ਆਗੂ ਨਹੀਂ ਸਗੋਂ ਮਨੁੱਖੀ ਅੰਤਰਆਤਮਾ ਦੀ ਆਜ਼ਾਦੀ ਦੇ ਪ੍ਰਤੀਕ ਸਨ। ਗੁਰੂ ਸਾਹਿਬ ਦਾ ਜਨਮ 1621 ਵਿੱਚ ਅੰਮ੍ਰਿਤਸਰ ਵਿੱਚ ਹੋਇਆ ਅਤੇ ਉਹ ਆਪਣੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਦੀ ਛਤਰ-ਛਾਇਆ ਹੇਠ ਜੁਆਨ ਹੋਏ, ਜਿੱਥੇ ਉਨ੍ਹਾਂ ਨੇ ਸ਼ਸਤ੍ਰ ਤੇ ਸ਼ਾਸਤ੍ਰ ਦੋਵੇਂ ਵਿੱਦਿਆ ਹਾਸਲ ਕੀਤੀਆਂ। 1664 ਵਿੱਚ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਜਦੋਂ ਗੁਰਗੱਦੀ ਦੀ ਜ਼ਿੰਮੇਵਾਰੀ ਉਨ੍ਹਾਂ ਉੱਤੇ ਆਈ, ਤਦੋਂ ਇਹ ਸਿਰਫ਼ ਧਾਰਮਿਕ ਪਦਵੀ ਜਾਂ ਅਹੁਦਾ ਨਹੀਂ ਸੀ, ਇਹ ਸਮੇਂ ਦੇ ਹਾਲਾਤਾਂ ਤੇ ਸ਼ਾਸਕਾਂ ਨੂੰ ਚੁਣੌਤੀ ਦੇਣ ਵਾਲਾ ਨੈਤਿਕ ਫੈਸਲਾ ਸੀ। ਐਸੇ ਸਮੇਂ ਵਿੱਚ ਗੁਰੂ ਤੇਗ਼

ਬਹਾਦਰ ਜੀ ਦਾ ਗੁਰਗੱਦੀ ਸੰਭਾਲਣਾ ਆਪਣੇ ਆਪ ਵਿੱਚ ਇਕ ਵਿਦ੍ਰੋਹੀ ਕਦਮ ਸੀ।

ਗੁਰੂ ਸਾਹਿਬ ਦੀ ਬਾਣੀ ਗੁਰੂ ਨਾਨਕ ਸਾਹਿਬ ਦੇ ਸੰਦੇਸ਼ ਦੀ ਹੀ ਨਿਰਵਿਘਨ ਧਾਰਾ ਹੈ, ਜਿਸ ਵਿਚ ਇਕ ਓਅੰਕਾਰ, ਨਾਮ ਸਿਮਰਨ, ਮਾਇਆ ਤੋਂ ਮੁਕਤੀ ਅਤੇ ਨਿਡਰ ਜੀਵਨ ਸ਼ਾਮਲ ਹੈ। ਉਹ ਪ੍ਰਭੂ ਨੂੰ ਬੇਅੰਤ ਨਾਮਾਂ ਨਾਲ ਯਾਦ ਕਰਦੇ ਹਨ— ਰਾਮ, ਹਰਿ, ਪ੍ਰਭ, ਗੋਬਿੰਦ, ਸਵਾਮੀ, ਮਾਧੋ, ਨਿਰੰਜਨ ਅਤੇ ਹਰ ਨਾਮ ਵਿੱਚ ਉਹੀ ਇਕ ਸਰਬਵਿਆਪੀ ਪ੍ਰਮਾਤਮਾ ਵੱਸਦਾ ਹੈ। ਉਨ੍ਹਾਂ ਲਈ ਪਰਮਾਤਮਾ ਨਿਰਲੇਪ ਵੀ ਹੈ ਅਤੇ ਸਰਬਵਿਆਪੀ ਵੀ। ਗੁਰੂ ਤੇਗ਼ ਬਹਾਦਰ ਜੀ ਨੇ ਮਾਇਆ ਦੀ ਨਾਸ਼ਮਾਨਤਾ ਬਾਰੇ ਕਿਹਾ ਹੈ ਕਿ ਇਹ ਸੰਸਾਰ ਇਕ ਮ੍ਰਿਗਤ੍ਰਿਸ਼ਨਾ ਹੈ, ਜੋ ਦਿੱਖਦਾ ਹੈ ਪਰ ਸੱਚ ਨਹੀਂ ਹੈ। ਮਨੁੱਖ ਦਾ ਸਰੀਰ ਝੂਠਾ ਹੈ, ਪਰ ਇਸ ਅੰਦਰ ਵੱਸਦਾ ਰਾਮ ਹੀ ਸੱਚਾ ਹੈ। ਮਨੁੱਖ ਜਦੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਬੰਧਨਾਂ ਵਿੱਚ ਫਸ ਜਾਂਦਾ ਹੈ, ਤਦੋਂ ਉਹ ਮਾਇਆ ਦੇ ਜਾਲ ਵਿੱਚ ਬੱਝ ਜਾਂਦਾ ਹੈ ਅਤੇ ਅਸਲੀ ਮੁਕਤੀ ਤੋਂ ਦੂਰ ਹੋ ਜਾਂਦਾ ਹੈ। ਗੁਰੂ ਸਾਹਿਬ ਦੀ ਬਾਣੀ ਮਨੁੱਖ ਨੂੰ ਆਤਮਕ ਜਾਗਰੂਕਤਾ ਵੱਲ ਮੋੜਦੀ ਹੈ। ਉਹ ਕਹਿੰਦੇ ਹਨ ਕਿ ਉਹੀ ਸੱਚਾ ਗਿਆਨੀ ਜੋ ਨਾ ਕਿਸੇ ਨੂੰ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਤੋਂ ਡਰਦਾ ਹੈ। ਇਹ ਸਿਰਫ਼ ਇਕ ਨੈਤਿਕ ਸੁਨੇਹਾ ਨਹੀਂ, ਸਗੋਂ ਇਕ ਜੀਵਨ ਦਰਸ਼ਨ ਹੈ ਜੋ ਮਨੁੱਖ ਨੂੰ ਨਿਡਰ, ਨਿਸ਼ਕਾਮ ਅਤੇ ਸੰਤੁਲਿਤ ਜੀਵਨ ਜੀਊਣ ਦੀ ਪ੍ਰੇਰਣਾ ਦਿੰਦਾ ਹੈ।

1675 ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਮਨੁੱਖੀ ਅੰਤਰਆਤਮਾ ਦੀ ਆਜ਼ਾਦੀ ਦੀ ਸਭ ਤੋਂ ਉੱਚੀ ਮਿਸਾਲ ਹੈ। ਜਦੋਂ ਕਸ਼ਮੀਰੀ ਬ੍ਰਾਹਮਣ ਧਾਰਮਿਕ ਜ਼ੁਲਮ ਤੋਂ ਬਚਣ ਲਈ ਉਨ੍ਹਾਂ ਕੋਲ ਆਏ, ਗੁਰੂ ਸਾਹਿਬ ਨੇ ਉਨ੍ਹਾਂ ਦੀ ਰੱਖਿਆ ਲਈ ਆਪਣਾ ਜੀਵਨ ਬਲਿਦਾਨ ਕਰ ਦਿੱਤੀ। ਔਰੰਗਜ਼ੇਬ ਨੇ ਉਨ੍ਹਾਂ ਅੱਗੇ ਚਮਤਕਾਰ ਦਿਖਾਉਣ ਜਾਂ ਇਸਲਾਮ ਕਬੂਲ ਕਰਨ ਦਾ ਹੁਕਮ ਦਿੱਤਾ, ਪਰ ਗੁਰੂ ਸਾਹਿਬ ਨੇ ਦੋਵਾਂ ਤੋਂ ਇਨਕਾਰ ਕਰਕੇ ਮੌਤ ਨੂੰ ਗਲੇ ਲਗਾ ਲਿਆ। ਚਾਂਦਨੀ ਚੌਕ ਵਿਖੇ ਉਨ੍ਹਾਂ ਦੀ ਸ਼ਹਾਦਤ ਨੇ ਸਿਰਫ਼ ਸਿੱਖ ਧਰਮ ਨਹੀਂ ਸਗੋਂ ਪੂਰੇ ਭਾਰਤੀ ਸਮਾਜ ਨੂੰ ਨਵੀਂ ਜਾਗਰੂਕਤਾ ਦਿੱਤੀ। "ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥" ਇਹ ਪੰਕਤੀ ਸਦੀਆਂ ਤੋਂ ਮਨੁੱਖੀ ਆਜ਼ਾਦੀ ਦਾ ਪ੍ਰਤੀਕ ਬਣੀ ਹੋਈ ਹੈ।

ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਉਹ ਮੋੜ ਹੈ ਜਿਥੋਂ ਪੰਥਕ ਚੇਤਨਾ ਇੱਕ ਨਵੀਂ ਸ਼ਕਤੀ ਨਾਲ ਉੱਭਰੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦੇ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ ਖਾਲਸਾ ਪੰਥ, ਇਕ ਐਸੇ ਸਮਾਜ ਦੀ ਸਿਰਜਣਾ ਕੀਤੀ ਜੋ ਧਰਮ, ਨਿਆਂ ਤੇ ਨਿਰਭੀਕਤਾ ਦਾ ਪ੍ਰਤੀਕ ਹੈ। ਡਾ. ਗਰੇਵਾਲ ਦੇ ਸ਼ਬਦਾਂ ਵਿੱਚ, ਗੁਰੂ ਤੇਗ਼ ਬਹਾਦਰ ਨੇ ਸਿੱਖ ਇਤਿਹਾਸ ਦੀ ਕੇਂਦਰੀ ਧਾਰਾ ਨੂੰ ਮੁੜ ਜੀਵੰਤ ਕੀਤਾ ਅਤੇ ਗੁਰੂ ਹਰਿਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਕਾਰ ਨੈਤਿਕ ਅਤੇ ਇਤਿਹਾਸਕ ਪੁਲ ਬਣੇ। ਉਨ੍ਹਾਂ ਦੀ ਬਾਣੀ ਮਨੁੱਖੀ ਜੀਵਨ ਦੇ ਅਸਲੀ ਉਦੇਸ਼— ਮੁਕਤੀ ਦੀ ਪਹਿਚਾਣ ਕਰਾਉਂਦੀ ਹੈ, ਜੋ ਮੌਤ ਤੋਂ ਨਹੀਂ ਸਗੋਂ ਮਾਇਆ ਤੋਂ ਆਜ਼ਾਦੀ ਹੈ।



ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਵਿਰਾਸਤ ਸਾਨੂੰ ਸਿਖਾਉਂਦੀ ਹੈ ਕਿ ਸੱਚ ਤੇ ਧਰਮ ਦੀ ਰੱਖਿਆ ਲਈ ਕਿਸੇ ਸਮੇਂ ਸਿਰ ਵੀ ਦੇਣਾ ਪੈਂਦਾ ਹੈ ਪਰ ਆਪਣੇ ਵਿਸ਼ਵਾਸ ਤੋਂ ਨਹੀਂ ਡੋਲਣਾ। ਉਹ ਸਾਨੂੰ ਯਾਦ ਦਵਾਉਂਦੇ ਹਨ ਕਿ ਅਸਲੀ ਧਾਰਮਿਕਤਾ ਕਿਸੇ ਪਹਿਰਾਵੇ ਜਾਂ ਰਸਮ ਵਿੱਚ ਨਹੀਂ, ਸਗੋਂ ਮਨੁੱਖ ਦੇ ਅੰਦਰਲੇ ਸੱਚ ਵਿੱਚ ਹੈ। ਅੱਜ ਦੇ ਯੁੱਗ ਵਿੱਚ ਜਦੋਂ ਅਸਹਿਣਸ਼ੀਲਤਾ ਅਤੇ ਧਾਰਮਿਕ ਵੰਡਾਂ ਨੇ ਦੁਬਾਰਾ ਜੜ੍ਹਾਂ ਫੈਲਾਉਣੀਆਂ ਸ਼ੁਰੂ ਕੀਤੀਆਂ ਹਨ, ਗੁਰੂ ਤੇਗ਼ ਬਹਾਦਰ ਜੀ ਦਾ ਸੰਦੇਸ਼— "ਨਾ ਡਰੋ, ਨਾ ਡਰਾਵੋ" ਮਨੁੱਖੀ ਸਮਾਜ ਲਈ ਇੱਕ ਚਾਨਣ ਮੁਨਾਰੇ ਵਾਂਗ ਹੈ ਜੋ ਸੱਚੇ ਵਿਸ਼ਵਾਸ, ਹਿੰਮਤ ਅਤੇ ਆਤਮਕ ਆਜ਼ਾਦੀ ਵੱਲ ਲੈ ਜਾਂਦਾ ਹੈ।

**– ਅੰਮ੍ਰਿਤ ਕੌਰ**
ਡਬਲ ਐਮ.ਏ., ਬੀ.ਐਡ.
ਦਿੱਲੀ ਯੂਨੀਵਰਸਿਟੀ

ਇਹ ਪੁਸਤਕ ਸਿਰਫ਼ ਇਤਿਹਾਸ ਦੀ ਗੱਲ ਨਹੀਂ ਕਰਦੀ, ਸਗੋਂ ਇਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਆਜ਼ਾਦੀ, ਅਧਿਆਤਮਿਕਤਾ ਅਤੇ ਮਨੁੱਖਤਾ ਕਿਸ ਤਰ੍ਹਾਂ ਇਕ-ਦੂਜੇ ਨਾਲ ਜੁੜੇ ਹੋਏ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਜੀਵਨ ਸਿਰਫ਼ ਇੱਕ ਧਾਰਮਿਕ ਪ੍ਰੇਰਣਾ ਨਹੀਂ, ਸਗੋਂ ਮਨੁੱਖੀ ਅੰਤਰ-ਆਤਮਾ ਨੂੰ ਆਜ਼ਾਦੀ ਲਈ ਡੱਟ ਕੇ ਖੜ੍ਹੇ ਹੋਣ ਦਾ ਸੰਦੇਸ਼ ਹੈ। ਉਨ੍ਹਾਂ ਦੀ ਸ਼ਹਾਦਤ ਨੇ ਸਾਨੂੰ ਸਿਖਾਇਆ ਕਿ ਸੱਚ ਦੇ ਰਾਹ 'ਤੇ ਤੁਰਨਾ ਕਈ ਵਾਰ ਮੁਸ਼ਕਲ ਜ਼ਰੂਰ ਹੁੰਦਾ ਹੈ, ਪਰ ਸਿਰਫ਼ ਉਹੀ ਰਾਹ ਮਨੁੱਖਤਾ ਨੂੰ ਉੱਚਾ ਚੁੱਕਦਾ ਹੈ। ਗੁਰੂ ਸਾਹਿਬ ਦੀ ਬਾਣੀ ਸਾਨੂੰ ਅੰਦਰਲੀ ਸ਼ਾਂਤੀ, ਸਮਾਨਤਾ ਤੇ ਨਿਡਰ ਜੀਵਨ ਜੀਊਣ ਦਾ ਸਬਕ ਸਿਖਾਉਂਦੀ ਹੈ। ਇਹ ਪੁਸਤਕ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਉਨ੍ਹਾਂ ਦੀ ਨਿਰਪੱਖ ਸੋਚ ਨੂੰ ਨਵੇਂ ਸੰਦਰਭ ਵਿੱਚ ਸਮਝਣ ਦਾ ਇੱਕ ਯਤਨ ਹੈ। ਹਰ ਲੇਖ, ਹਰ ਵਿਚਾਰ ਇਸ ਗੱਲ ਦੀ ਪੁਰਜ਼ੋਰ ਤਸਦੀਕ ਕਰਦਾ ਹੈ ਕਿ ਗੁਰੂ ਸਾਹਿਬ ਦੀ ਵਿਰਾਸਤ ਅੱਜ ਵੀ ਉੱਨੀ ਹੀ ਪ੍ਰਾਸੰਗਿਕ ਹੈ ਜਿੰਨੀ ਤਿੰਨ ਸਦੀਆਂ ਪਹਿਲਾਂ ਸੀ।

Facebook Youtube Website

Gurmat Quiz Show on Chardikla Time TV
AAO BANIYE GURSIKH PYARA
aaobaniyegursikhpyara@gmail.com